ਅਨੁਪੂਰਕ ਸੂਚੀ

ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 30 ਜੂਨ, 2022

ਨੂੰ ਹੋਈ ਪੰਜਾਬ ਵਿਧਾਨ ਸਭਾ ਦੀ ਬੈਠਕ ਲਈ ਬਿਨਾਂ ਨਿਸ਼ਾਨ

(ਨਿਸ਼ਾਨ ਵਾਲੇ ਪ੍ਰਸ਼ਨਾਂ ਤੋਂ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਵਿਚ ਤਬਦੀਲ ਕੀਤੇ ਗਏ)

## ਪ੍ਰਸ਼ਨਾਂ ਦੀ ਸੂਚੀ

### ਜਿਲ੍ਹਾ ਲੁਧਿਆਣਾ ਦੇ ਬੁੱਢੇ ਨਾਲੇ ਦੇ ਗੰਦੇ ਪਾਣੀ ਦੀ ਸਮੱਸਿਆ

***2. (ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਬੁੱਢੇ ਨਾਲੇ ਦਾ ਸਾਰਾ ਗੰਦਾ ਅਤੇ ਦੂਸ਼ਿਤ ਪਾਣੀ ਸਤਲੁਜ਼ ਦਰਿਆ ਵਿੱਚ ਪੈ ਰਿਹਾ ਹੈ ਜਿਸ ਨਾਲ ਆਮ ਲੋਕਾਂ ਦੀ ਸਿਹਤ ਤੇ ਅਤੇ ਕਿਸਾਨਾਂ ਦੀਆਂ ਫ਼ਸਲਾਂ ਤੇ ਬਹੁਤ ਮਾਰੂ ਅਸਰ ਪੈ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਗੰਭੀਰ ਸਮੱਸਿਆ ਦਾ ਹੱਲ ਲੱਭਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

———

**ਹਲਕਾ ਦਾਖਾ ਵਿਖੇ ਖੇਡ ਪਾਰਕ ਬਣਾਉਣ ਲਈ ਬਕਾਇਆ ਰਾਸ਼ੀ ਜਾਰੀ ਕਰਨਾ**

*3. **(ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਸਰਕਾਰ ਵੱਲੋਂ ਸਾਲ 2012 ਤੋਂ 2017 ਤੱਕ ਦੇ ਸਮੇਂ ਦੌਰਾਨ ਹਲਕਾ ਦਾਖਾ (ਜ਼ਿਲ੍ਹਾ ਲੁਧਿਆਣਾ) ਵਿੱਚ ਖੇਡ ਪਾਰਕ ਬਣਾਉਣ ਲਈ ਮਨਜ਼ੂਰ ਕੀਤੀ ਗਈ ਗ੍ਰਾਂਟ ਅਜੇ ਤੱਕ ਪੂਰੀ ਰਿਲੀਜ਼ ਨਹੀਂ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਬਾਕੀ ਰਹਿੰਦੀ ਗ੍ਰਾਂਟ ਕਦੋਂ ਤੱਕ ਰਿਲੀਜ਼ ਕਰ ਦਿੱਤੀ ਜਾਵੇਗੀ?

–––––––

**ਕਸਬਾ ਮੁੱਲਾਂਪੁਰ (ਹਲਕਾ ਦਾਖਾ) ਵਿਖੇ ਬੱਸ ਸਟੈਂਡ ਚਾਲੂ ਕਰਨਾ**

*5. **(ਸੀ.ਯੂ.) ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਾਖਾ ਵਿੱਚ ਪੈਂਦੇ ਕਸਬਾ ਮੁੱਲਾਂਪੁਰ ਵਿਖੇ ਬੱਸ ਸਟੈਂਡ ਦੀ ਬਿਲਡਿੰਗ ਬਣ ਕੇ ਤਿਆਰ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਬੱਸ ਸਟੈਂਡ ਨੂੰ ਆਮ ਲੋਕਾਂ ਦੀ ਸਹੂਲਤ ਲਈ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ?

–––––––

**ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲੇ ਸਬੰਧੀ ਕਾਰਵਾਈ**

***6. (ਸੀ.ਯੂ.) 1. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.)**

**2. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.) :–** ਕੀ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੀਨੀਅਰ ਆਈ.ਏ.ਐਸ. ਅਧਿਕਾਰੀ ਦੁਆਰਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਵਿੱਚ ਹੋਏ ਘਪਲੇ ਵਿੱਚ ਤਤਕਾਲੀਨ ਮੰਤਰੀ ਜੀ ਨੂੰ ਦੋਸ਼ੀ ਠਹਿਰਾਏ ਜਾਣ ਦੇ ਬਾਵਜ਼ੂਦ ਕੋਈ ਕਾਰਵਾਈ ਨਹੀਂ ਕੀਤੀ ਗਈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਘਪਲੇ ਸਬੰਧੀ ਕੋਈ ਐਕਸ਼ਨ ਲਵੇਗੀ ਜਾਂ ਕੋਈ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਕੀ ਇਹ ਠੀਕ ਹੈ ਕਿ ਵਰਣਿਤ ਵਜੀਫਿਆਂ ਦੀ ਵੰਡ ਵਿੱਚ ਜਿਹੜੀਆਂ ਨਿਜੀ ਵਿਦਿਅਕ ਸੰਸਥਾਵਾਂ ਨੂੰ ਵਜੀਫਾ ਵੰਡਣ ਲਈ ਸਰਕਾਰ ਵੱਲੋਂ ਦਿੱਤੀ ਗਈ ਰਕਮ ਜਿਸ ਦਾ ਇਨ੍ਹਾਂ ਸੰਸਥਾਵਾਂ ਨੇ ਵੱਡੇ ਪੱਧਰ ਤੇ ਘਪਲਾ ਕੀਤਾ ਉਨ੍ਹਾਂ ਸੰਸਥਾਵਾਂ ਤੋਂ ਸਰਕਾਰ ਨੇ ਵਜੀਫਿਆਂ ਦੀ ਰਕਮ ਵਾਪਸ ਲੈਣ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਸਰਕਾਰ ਨੇ ਰਕਮ ਮੁਆਫ ਕਰ ਦਿੱਤੀ ਸੀ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

———

## ਹਲਕਾ ਖੇਮਕਰਨ ਦੇ ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਵਿਖੇ ਡਾਕਟਰਾਂ ਦੀਆਂ ਅਸਾਮੀਆਂ ਭਰਨਾ

***9. (ਸੀ.ਯੂ.) ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖੇਮਕਰਨ ਵਿੱਚ ਸਰਕਾਰੀ ਸਿਵਲ ਹਸਪਤਾਲ ਅਤੇ ਸਰਕਾਰੀ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀਆਂ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ?

———

## ਖੇਮਕਰਨ ਦੇ ਸਰਕਾਰੀ ਸਕੂਲਾਂ ਵਿਖੇ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ

***11. (ਸੀ.ਯੂ.) ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖੇਮਕਰਨ ਦੇ ਸਰਕਾਰੀ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਿੰਨੀਆਂ-ਕਿੰਨੀਆਂ ਅਸਾਮੀਆਂ ਦੀ ਘਾਟ ਹੈ ਅਤੇ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

———

## 'ਆਯੂਸ਼ਮਾਨ' ਭਾਰਤ ਸਿਹਤ ਬੀਮਾ ਯੋਜਨਾ ਤਹਿਤ ਲੋਕਾਂ ਨੂੰ ਸਿਹਤ ਸਹੂਲਤਾਂ ਦੇਣਾ

***14. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 'ਆਯੂਸ਼ਮਾਨ' ਭਾਰਤ ਸਿਹਤ ਬੀਮਾ ਯੋਜਨਾਂ' ਤਹਿਤ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਲਈ ਜਾਰੀ ਕੀਤੇ ਗਏ 'ਆਯੂਸ਼ਮਾਨ ਕਾਰਡ' ਰਾਜ ਦੇ ਵੱਖ-ਵੱਖ ਹਸਪਤਾਲਾਂ ਵਿੱਚ ਨਹੀਂ ਚੱਲਦੇ; ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਕਾਰਡ ਨੂੰ ਰਾਜ ਦੇ ਹਸਪਤਾਲਾਂ ਵਿੱਚ ਸਹੀ ਢੰਗ ਨਾਲ ਚਲਾਉਣ ਲਈ ਸਰਕਾਰ ਕੋਈ ਕਾਰਵਾਈ ਕਰ ਰਹੀ ਹੈ?

———

## ਸੁਵਿਧਾ ਕੇਂਦਰ ਪ੍ਰਾਈਵੇਟ ਫਰਮਾਂ ਦੁਆਰਾ ਚਲਾਉਣਾ

***17. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–**ਕੀ ਪ੍ਰਸ਼ਾਸਨਿਕ ਸੁਧਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੋਕਾਂ ਨੂੰ ਵੱਖ-ਵੱਖ ਸਹੂਲਤਾਂ ਦੇਣ ਲਈ ਜੋ ਸੁਵਿਧਾ ਕੇਂਦਰ ਚਲਾਏ ਜਾ ਰਹੇ ਨੇ ਉਹ ਇੱਕ ਪ੍ਰਾਈਵੇਟ ਫਰਮ ਰਾਹੀਂ ਚਲਾਏ ਜਾ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਨ੍ਹਾਂ ਸੁਵਿਧਾ ਕੇਂਦਰਾਂ ਨੂੰ ਆਪ ਚਲਾਉਣ ਤੇ ਵਿਚਾਰ ਕਰੇਗੀ?

_______

## ਹਲਕਾ ਬੁਢਲਾਡਾ ਦੇ ਪਿੰਡਾਂ ਕੁਲਾਣਾ ਅਤੇ ਕਿਸ਼ਨਗੜ੍ਹ ਦੇ ਕਿਸਾਨਾਂ ਨੂੰ ਮੁਆਵਜਾ ਦੇਣਾ

***20. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਪ੍ਰੈਲ 2022 ਵਿੱਚ ਬੁਢਲਾਡਾ ਹਲਕੇ ਦੇ ਪਿੰਡਾਂ ਕੁਲਾਣਾ ਅਤੇ ਕਿਸ਼ਨਗੜ੍ਹ ਵਿੱਚ ਕਿਸਾਨਾਂ ਦੀ ਕਣਕ ਦੀ ਫਸਲ ਅੱਗ ਨਾਲ ਸੜ ਗਈ ਹੈ; ਜੇਕਰ ਅਜਿਹਾ ਹੋਵੇਂ ਤਾਂ ਸਰਕਾਰ ਵੱਲੋਂ ਇਹਨਾਂ ਪੀੜ੍ਹਤ ਕਿਸਾਨਾਂ ਨੂੰ ਮੁਆਵਜਾ ਕਦੋਂ ਤੱਕ ਦੇ ਦਿੱਤਾ ਜਾਵੇਗਾ?

_______

## ਖਰਾਬ ਹੋਈ ਨਰਮੇ ਦੀ ਫਸਲ ਦਾ ਮੁਆਵਜ਼ਾ ਦੇਣਾ

***22. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਗੁਲਾਬੀ ਸੁੰਡੀ ਨਾਲ ਖਰਾਬ ਹੋਈ ਨਰਮੇ ਦੀ ਫਸਲ ਦੀ ਕਿਸਾਨਾਂ ਨੂੰ ਰਾਸ਼ੀ (ਮੁਆਵਜੇ ਦੀ) ਜਾਰੀ ਕਰ ਦਿੱਤੀ ਹੈ ਪਰ ਗਰੀਬ ਨਰਮਾਂ ਚੁਗਣ ਵਾਲਿਆਂ ਨੂੰ ਅਜੇ ਤੱਕ ਕੋਈ ਰਾਸ਼ੀ ਨਹੀਂ ਦਿੱਤੀ ਗਈ; ਜੇਕਰ ਅਜਿਹਾ ਹੈ ਤਾਂ ਨਰਮਾਂ ਚੁਗਣ ਵਾਲਿਆਂ ਨੂੰ ਕਦੋਂ ਤੱਕ ਚੁਗਾਈ ਦੀ ਮੁਆਵਜਾ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ?

-------

## ਬੁਢਲਾਡਾ ਅਤੇ ਬਰੇਟਾ ਵਿੱਚ ਨਗਰ ਕੌਂਸਲ ਦੀਆਂ ਦੁਕਾਨਾਂ ਮੌਜੂਦਾ ਮਾਲਕਾਂ ਨੂੰ ਦੇਣਾ

***24. (ਸੀ.ਯੂ.) ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ:-

ੳ) ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਸ਼ਹਿਰਾਂ ਬੁਢਲਾਡਾ ਅਤੇ ਬਰੇਟਾ ਵਿੱਚ ਨਗਰ ਕੌਂਸਲ ਦੀਆਂ ਦੁਕਾਨਾਂ ਹਨ, ਜਿਨ੍ਹਾਂ ਦੀ ਮਾਲਕੀ ਨਗਰ ਕੋਂਸਲ ਦੀ ਹੈ ਅਤੇ ਨਾ ਮਾਤਰ ਕਿਰਾਏ ਤੇ ਦਿੱਤੀਆਂ ਹੋਈਆਂ ਹਨ;

ਅ) ਜੇਕਰ ਉਪਰੋਕਤ ਭਾਗ 'ੳ' ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਇਹਨਾਂ ਦੁਕਾਨਾਂ ਨੂੰ ਅਸਲ ਜਾਂ ਮੌਜੂਦਾ ਮਾਲਕਾਂ ਨੂੰ ਰਜਿਸਟਰੀ ਕਰਵਾ ਕੇ ਪੱਕੇ ਮਾਲਕ ਬਣਾਉਣ ਦੀ ਕੋਈ ਸਕੀਮ ਦਾ ਵਿਚਾਰ ਰੱਖਦੀ ਹੈ?

-------

## ਆਦਰਸ਼ ਸਕੂਲਾਂ ਵੱਲੋਂ ਵਿਦਿਆਰਥੀਆਂ ਨੂੰ ਸਹੂਲਤਾਂ ਦੇਣਾ

***25. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :–

ੳ) ਕੀ ਇਹ ਠੀਕ ਹੈ ਕਿ ਆਦਰਸ਼ ਸਕੂਲਾਂ ਦਾ ਪ੍ਰਬੰਧ 70:30 ਦੇ ਅਨੁਸਾਰ, ਪੰਜਾਬ ਸਰਕਾਰ ਅਤੇ ਪ੍ਰਾਈਵੇਟ ਕੰਪਨੀਆਂ ਵੱਲੋਂ ਚਲਾਇਆ ਜਾਂਦਾ ਹੈ ਜਿਸ ਵਿੱਚ ਬਿਲਡਿੰਗ ਅਤੇ ਜਮੀਨ ਸਰਕਾਰ ਨੇ ਆਪਣੇ ਖਰਚੇ ਤੇ ਪੂਰੀ ਕਰਵਾ ਕੇ P.P.P. ਮੋਡ ਅਧੀਨ ਪ੍ਰਾਈਵੇਟ ਹੱਥਾਂ ਨੂੰ ਸੌਂਪ ਦਿੱਤੀ ਹੈ;

ਅ) ਜੇਕਰ ਉਪਰੋਕਤ ਭਾਗ 'ੳ' ਦਾ ਉੱਤਰ ਹਾਂ ਵਿੱਚ ਹੋਵੇਂ ਤਾਂ ਕੀ ਆਦਰਸ਼ ਸਕੂਲ ਅਧਿਆਪਕਾਂ ਨੂੰ ਸਰਕਾਰ ਦੇ ਨਿਯਮਾਂ ਅਨੁਸਾਰ ਪੂਰੀਆਂ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਕੀ ਪ੍ਰਬੰਧਕ ਆਪਣੇ ਹਿੱਸੇ ਦਾ 30% ਹਿੱਸਾ ਜਮ੍ਹਾਂ ਕਰਵਾ ਰਹੇ ਹਨ?

———

## ਜ਼ਿਲ੍ਹਾ ਮਾਨਸਾ ਦੇ ਹਸਪਤਾਲਾਂ ਵਿੱਚ ਪਏ ਬੇਲੋੜੇ ਸਮਾਨ ਦੀ ਨਿਲਾਮੀ ਕਰਨਾ

***26. (ਸੀ.ਯੂ.) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਮਾਨਸਾ ਦੇ ਬਹੁਤ ਸਾਰੇ ਹਸਪਤਾਲਾਂ ਵਿੱਚ ਕਮਰੇ ਟੁੱਟ-ਭੱਜ ਦੇ ਸਮਾਨ ਨਾਲ ਭਰੇ ਪਏ ਹਨ ਜਿਸ ਨਾਲ ਹਸਪਤਾਲ ਦੇ ਕਮਰੇ ਵਰਤੋਂ ਵਿੱਚ ਨਹੀਂ ਆ ਰਹੇ ਹਨ; ਜੇਕਰ ਅਜਿਹਾ ਹੋਵੇਂ ਤਾਂ ਸਰਕਾਰ ਇਸ ਬੇਲੋੜੇ ਸਮਾਨ ਦੀ ਨਿਲਾਮੀ ਕਦੋਂ ਤੱਕ ਕਰਨ ਦਾ ਵਿਚਾਰ ਰੱਖਦੀ ਹੈ?

———

## ਹਲਕਾ ਸਮਾਣਾ ਵਿਖੇ ਪੈਂਦੀਆਂ ਲਿੰਕ ਸੜਕਾਂ ਦੀ ਮੁਰੰਮਤ ਕਰਵਾਉਣਾ

***31. (ਸੀ.ਯੂ.) ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਮਾਣਾ ਹਲਕੇ ਵਿੱਚ ਪੈਂਦੀਆਂ ਲਿੰਕ ਸੜਕਾਂ ਦੀ ਮੁਰੰਮਤ ਪਿਛਲੀ ਵਾਰ ਕਿੰਨੇ ਕਿਲੋਮੀਟਰ ਤੱਕ ਕਦੋਂ ਅਤੇ ਕਿੱਥੇ-ਕਿੱਥੇ ਕਰਵਾਈ ਗਈ;

ਅ) ਕੀ ਹੁਣ ਉਪਰੋਕਤ ਲਿੰਕ ਸੜਕਾਂ ਦੀ ਮੁਰੰਮਤ/ਨਵੀਨੀਕਰਨ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਕਰਨ ਦੀ ਸੰਭਾਵਨਾ ਹੈ?

-------

## ਸਬ-ਡਵੀਜ਼ਨਲ ਹਸਪਤਾਲ ਸਮਾਣਾ ਦੀਆਂ ਖਾਲੀ ਅਸਾਮੀਆਂ ਨੂੰ ਭਰਨਾ

***32. (ਸੀ.ਯੂ.) ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਬ ਡਵੀਜ਼ਨਲ ਹਸਪਤਾਲ, ਸਮਾਣਾ ਵਿਖੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕਿੰਨੀਆਂ ਮੰਨਜੂਰਸ਼ੁਦਾ ਆਸਾਮੀਆ ਹਨ; ਇਨ੍ਹਾਂ ਵਿੱਚੋਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ;

ਅ) ਭਾਗ 'ੳ' ਵਿੱਚ ਦਰਸਾਏ ਹਸਪਤਾਲ ਵਿੱਚ ਐਮਰਜੰਸੀ ਸੇਵਾਵਾਂ ਨਾਲ ਨਜਿੱਠਣ ਲਈ ਕਿੰਨਾ ਸਾਜ਼ੋ ਸਮਾਨ ਹੈ; ਇਨ੍ਹਾਂ ਵਿੱਚੋਂ ਕਿੰਨਾ ਠੀਕ ਹਾਲਤ ਵਿੱਚ ਹੈ ਅਤੇ ਕਿੰਨ੍ਹਾਂ ਹੋਰ ਲੋੜੀਂਦਾ ਹੈ ਅਤੇ ਇਸ ਸਾਜ਼ੋ-ਸਮਾਨ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ;

ੲ) ਭਾਗ 'ੳ' ਵਿੱਚ ਦਰਸਾਏ ਹਸਪਤਾਲ ਨੂੰ ਦਵਾਈਆਂ ਸਪਲਾਈ ਕਰਨ ਲਈ ਕੀ ਕਰਾਈਟੇਰੀਆ ਨਿਰਧਾਰਿਤ ਕੀਤਾ ਗਿਆ ਹੈ ਅਤੇ ਕੀ ਨਿਰਧਾਰਿਤ ਕਰਾਈਟੇਰੀਆ ਅਨੁਸਾਰ ਉਕਤ ਹਸਪਤਾਲ ਨੂੰ ਸਮੇਂ ਸਿਰ ਦਵਾਈਆਂ ਦੀ ਸਪਲਾਈ ਕੀਤੀ ਜਾ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਸਪਲਾਈ ਨਿਰਵਿਘਨ ਰੱਖਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

-------

## ਪਬਲਿਕ ਕਾਲਜ਼ ਸਮਾਣਾ ਨੂੰ ਸਰਕਾਰੀ ਹੱਥਾਂ ਵਿੱਚ ਲੈਣਾ

***34. (ਸੀ.ਯੂ.) ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਵੱਲੋਂ ਪਬਲਿਕ ਕਾਲਜ, ਸਮਾਣਾ ਨੂੰ ਸਰਕਾਰੀ ਹੱਥਾਂ ਵਿੱਚ ਲੈਣ ਬਾਰੇ ਘੋਸ਼ਣਾ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਸਿੱਖਿਆ ਵਿਭਾਗ ਵੱਲੋਂ ਕਦੋਂ ਤੱਕ ਇਸ ਨੂੰ ਅਪਣੇ ਹੱਥਾਂ ਵਿੱਚ ਲੈ ਲਿਆ ਜਾਵੇਗਾ?

-------

## ਹਲਕਾ ਦਸੂਹਾ ਦੇ ਕੰਡੀ ਏਰੀਏ ਦੇ ਪਿੰਡਾਂ ਦੇ ਹਸਪਤਾਲਾਂ ਦੀਆਂ ਅਸਾਮੀਆਂ

***39. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿਧਾਨ ਸਭਾ ਹਲਕਾ ਦਸੂਹਾ (ਹੁਸ਼ਿਆਰਪੁਰ) ਦੇ ਕੰਡੀ ਏਰੀਏ ਦੇ ਪਿੰਡਾਂ ਭੋਲ, ਕਮਾਹੀ ਦੇਵੀ, ਮੰਡ ਭੰਡੇਰ ਦੇ ਸਰਕਾਰੀ ਹਸਪਤਾਲਾਂ ਅਤੇ ਬੀ.ਬੀ.ਐਮ.ਬੀ. ਤਲਵਾੜਾ ਦੇ ਹਸਪਤਾਲ ਵਿੱਚ ਸ਼੍ਰੇਣੀ-ਵਾਰ ਵੱਖ-ਵੱਖ ਕੁੱਲ ਕਿੰਨੀਆਂ ਮੰਨਜੂਰਸ਼ੁਦਾ ਅਸਾਮੀਆਂ ਖਾਲੀ ਅਤੇ ਕਿੰਨੀਆਂ ਭਰੀਆਂ ਹਨ;

ਅ) ਭਾਗ 'ੳ' ਵਿੱਚ ਦਰਸਾਏ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦੀ ਕਮੀ ਨੂੰ ਕਦੋਂ ਤੱਕ ਪੂਰਾ ਕਰਨ ਦੀ ਸੰਭਾਵਨਾ ਹੈ ਅਤੇ ਖਾਲੀ ਪਈਆਂ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

-------

**ਹਲਕਾ ਦਸੂਹਾ ਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਉਸਾਰੀ/ਮੁਰੰਮਤ ਕਰਨਾ**

***41. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਦਸੂਹਾ (ਹੁਸ਼ਿਆਰਪੁਰ) ਵਿੱਚ ਪੈਂਦੇ ਵੱਖ–ਵੱਖ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਨਵੀਂ ਉਸਾਰੀ ਜਾਂ ਰਿਪੇਅਰ ਹੋਣ ਵਾਲੀ ਹੈ; ਜੇਕਰ ਅਜਿਹਾ ਹੋਵੇਂ ਤਾਂ ਕੀ ਉਕਤ ਪਿੰਡਾ ਦੀਆਂ ਲਿੰਕ ਸੜਕਾਂ ਦੀ ਉਸਾਰੀ/ਰਿਪੇਅਰ ਵਿੱਤੀ ਸਾਲ 2022–2023 ਵਿੱਚ ਕਰ ਦਿੱਤੀ ਜਾਵੇਗੀ?

–––––––

**ਸੀ.ਐਚ.ਸੀ. ਸ਼੍ਰੀ ਚਮਕੌਰ ਸਾਹਿਬ ਵਿਖੇ ਸੈਮੀ ਆਟੋ ਐਨਾਲਾਈਜ਼ਰ ਮਸ਼ੀਨ ਮੁਹੱਈਆ ਕਰਵਾਉਣਾ**

***48. (ਸੀ.ਯੂ.) ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੀ.ਐਚ.ਸੀ. ਸ਼੍ਰੀ ਚਮਕੌਰ ਸਾਹਿਬ ਵਿਖੇ ਸੈਮੀ ਆਟੋ ਐਨਾਲਾਈਜ਼ਰ ਮਸ਼ੀਨ ਦੀ ਘਾਟ ਹੋਣ ਕਾਰਨ ਮਰੀਜ਼ਾਂ ਨੂੰ ਬਾਹਰੋਂ ਟੈਸਟ ਕਰਵਾਉਣੇ ਪੈਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਮਰੀਜ਼ਾਂ ਦੀ ਸਹੂਲਤ ਲਈ ਇਹ ਮਸ਼ੀਨ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

–––––––

**ਰਿਟਾਇਰ ਹੋ ਚੁੱਕੇ ਹੋਮ–ਗਾਰਡ ਮੁਲਾਜ਼ਮਾਂ ਨੂੰ ਪੈਨਸ਼ਨ ਦੇਣਾ**

***51. (ਸੀ.ਯੂ.) ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸੂਬੇ ਦੀ ਅਮਨ–ਸ਼ਾਂਤੀ ਲਈ ਮੋਹਰੀ ਰੋਲ ਨਿਭਾਉਣ ਵਾਲੇ ਰਿਟਾਇਰਡ ਹੋ ਚੁੱਕੇ ਹੋਮ ਗਾਰਡ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

–––––––

**ਹੜ੍ਹਾਂ ਦੀ ਰੋਕਥਾਮ ਲਈ ਪ੍ਰਬੰਧ ਕਰਨਾ**

***53. (ਸੀ.ਯੂ.) ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹੜ੍ਹਾਂ ਦੀ ਰੋਕਥਾਮ ਸਬੰਧੀ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੀ ਅਗਾਊਂ ਪ੍ਰਬੰਧ ਕੀਤੇ ਗਏ ਹਨ; ਇਸ ਸਬੰਧੀ ਕਿੰਨਾ ਬਜਟ ਰੱਖਿਆ ਗਿਆ ਹੈ; ਕਿੰਨੀ ਰਕਮ ਹੁਣ ਤੱਕ ਜਾਰੀ ਕੀਤੀ ਗਈ ਹੈ ਅਤੇ ਕੀਤੇ ਗਏ ਕੰਮਾਂ ਦੇ ਵੇਰਵੇ ਕੀ ਹਨ?

\-\-\-\-\-\-\-

**ਅਬੋਹਰ ਵਿਖੇ ਸਬ–ਡਵੀਜ਼ਨਲ ਪ੍ਰਬੰਧਕੀ ਕੰਪਲੈਕਸ ਦੀ ਮੌਜੂਦਾ ਸਥਿਤੀ**

***55. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਵਿਖੇ ਉਸਾਰੀ ਅਧੀਨ ਸਬ–ਡਵੀਜਨਲ ਪ੍ਰਬੰਧਕੀ ਕੰਪਲੈਕਸ ਦੀ ਮੌਜੂਦਾ ਸਥਿਤੀ ਕੀ ਹੈ?

\-\-\-\-\-\-\-

**ਸਾਲ 2020 ਦੌਰਾਨ ਹੜ੍ਹਾਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਲਈ ਕਿਸਾਨਾਂ ਨੂੰ ਮੁਆਵਜਾ ਦੇਣਾ**

***56. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਅਤੇ ਬੱਲੂਆਣਾ ਵਿਧਾਨ ਸਭਾ ਹਲਕਿਆਂ ਦੇ ਪਿੰਡਾਂ ਵਿੱਚ ਰਹਿ ਰਹੇ ਕਿਸਾਨ ਜਿਨ੍ਹਾਂ ਦੀਆਂ ਫਸਲਾਂ ਅਗਸਤ ਅਤੇ ਸਤੰਬਰ 2020 ਦੇ ਮਹੀਨਿਆਂ ਵਿੱਚ ਹੜ੍ਹ ਆਉਣ ਕਾਰਨ ਨੁਕਸਾਨੀਆਂ ਗਈਆਂ ਸਨ, ਉਹਨਾਂ ਨੂੰ ਸਰਕਾਰ ਵੱਲੋਂ ਮੁਆਵਜਾ ਦੇਣ ਦੀ ਸਥਿਤੀ ਕੀ ਹੈ?

\-\-\-\-\-\-\-

## ਮਲੂਕਪੁਰ ਰਜਵਾਹੇ (ਡਿਸਟ੍ਰੀਬਿਊਟਰੀ) ਦੀ ਮੁੜ–ਉਸਾਰੀ

***57. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹੈੱਡ (ਮਲੂਕਪੁਰ ਡਿਸਟ੍ਰੀਬਿਊਟਰੀ) ਤੋਂ ਆਰ.ਡੀ 95000 (ਮਲੂਕਪੁਰ ਡਿਸਟ੍ਰੀਬਿਊਟਰੀ) ਦੀ ਮੁੜ ਉਸਾਰੀ ਕਦੋਂ ਤੱਕ ਕਰੇਗੀ ਕਿਉਂਕਿ ਨਹਿਰ ਦੀ ਮਾੜੀ ਹਾਲਤ ਹੋਣ ਕਰਕੇ ਖੇਤਰਾਂ ਦੇ ਆਖਰੀ ਹਿੱਸਿਆਂ ਤੱਕ (ਟੇਲ ਐਂਡ) ਪਾਣੀ ਨਹੀਂ ਪਹੁੰਚ ਰਿਹਾ?

———

## ਬਰਾਬਰ ਆਬਾਦੀ ਵਾਲੇ ਹੋਰ ਨਿਗਮਾਂ ਦੇ ਮੁਕਾਬਲੇ ਜੀ.ਐਸ.ਟੀ. ਦੀ ਅਨੁਪਾਤ ਘੱਟ ਮਿਲਣਾ

***59. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਨਿਗਮ ਅਬੋਹਰ ਨੂੰ ਉਸ ਦੇ ਬਰਾਬਰ ਆਬਾਦੀ ਵਾਲੇ ਹੋਰ ਨਿਗਮਾਂ ਦੇ ਮੁਕਾਬਲੇ ਜੀ.ਐਸ.ਟੀ. ਦੇ ਅਨੁਪਾਤੀ ਫੰਡ ਘੱਟ ਕਿਉਂ ਪ੍ਰਾਪਤ ਹੋ ਰਹੇ ਹਨ ਅਤੇ ਸਰਕਾਰ ਇਸ ਕਮੀ ਨੂੰ ਦੂਰ ਕਰਨ ਲਈ ਕੀ ਕਦਮ ਚੁੱਕ ਰਹੀ ਹੈ?

———

## ਅਬੋਹਰ ਦੇ ਉਸਾਰੀ ਅਧੀਨ ਸਰਕਾਰੀ ਡਿਗਰੀ ਕਾਲਜ ਦੀ ਮੌਜੂਦਾ ਸਥਿਤੀ

***60. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਡਿਗਰੀ ਕਾਲਜ, ਅਬੋਹਰ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ?

———

## ਪਿੰਡ ਪੰਜਾਣਾ-ਮੌਜਗੜ੍ਹ ਸੜਕ ਦੇ ਦੌਲਤਪੁਰ ਮਾਈਨਰ ਕ੍ਰੌਸਿੰਗ ਉੱਤੇ ਵੀ.ਆਰ. ਪੁੱਲ ਦੀ ਮੁੜ-ਉਸਾਰੀ

*62. (ਸੀ.ਯੂ.) ਸ਼੍ਰੀ ਸੰਦੀਪ ਜਾਖੜ, ਐਮ.ਐਲ.ਏ.:- ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਪੰਜਾਣਾ-ਮੌਜਗੜ੍ਹ ਰੋਡ ਤੇ ਦੌਲਤਪੁਰ ਮਾਈਨਰ ਕ੍ਰੌਸਿੰਗ ਉੱਤੇ ਵੀ.ਆਰ. ਪੁੱਲ ਦੀ ਮੁੜ-ਉਸਾਰੀ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹਾਂ ਤਾਂ ਕਦੋਂ ਤੱਕ?

-------

## ਪੰਜਾਬ ਦੇ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣਾ

***63. (ਸੀ.ਯੂ.) ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਸਰਕਾਰ ਨੇ ਖੇਤ ਕਿਸਾਨ/ਮਜ਼ਦੂਰ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਬਣਾਈ ਗਈ ਨੀਤੀ ਵਿੱਚ ਕੋਈ ਸੋਧ ਕੀਤੀ ਹੈ; ਜੇਕਰ ਹਾਂ ਤਾਂ ਕਿਹੜੀ ਸੋਧ ਕੀਤੀ ਗਈ ਹੈ;

ਅ) ਪਿਛਲੇ ਪੰਜ ਸਾਲ ਦੌਰਾਨ ਇਹ ਰਾਹਤ ਲੈਣ ਲਈ ਕਿੰਨੇ ਪਰਿਵਾਰਾਂ ਨੇ ਅਪਲਾਈ ਕੀਤਾ ਅਤੇ ਕਿੰਨੇ ਪਰਿਵਾਰਾਂ ਨੂੰ ਰਾਹਤ ਦਿੱਤੀ ਗਈ?

-------

## ਸਾਲ 2017 ਤੋਂ ਹੁਣ ਤੱਕ ਬੇਰੋਜ਼ਗਾਰਾਂ ਨੂੰ ਭੱਤਾ ਦੇਣਾ

***65. (ਸੀ.ਯੂ.) ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਨੇ ਸਾਲ 2017 ਤੋਂ ਹੁਣ ਤੱਕ ਕੋਈ ਬੇਰੋਜ਼ਗਾਰੀ ਭੱਤਾ ਦਿੱਤਾ ਹੈ; ਜੇਕਰ ਹਾਂ ਤਾਂ ਹੁਣ ਤੱਕ ਕਿੰਨੇ ਬੇਰੋਜ਼ਗਾਰਾਂ ਨੇ ਅਪਲਾਈ ਕੀਤਾ ਹੈ; ਕਿੰਨਿਆ ਨੂੰ ਇਹ ਭੱਤਾ ਮਿਲਦਾ ਹੈ ਅਤੇ ਕਿੰਨੇ ਬੇਰੋਜ਼ਗਾਰ ਇਸਤੋਂ ਵਾਂਝੇ ਹਨ?

-------

## ਹਲਕਾ ਸੰਗਰੂਰ ਵਿਖੇ ਪਿਛਲੇ ਪੰਜ ਸਾਲ ਦੌਰਾਨ ਲਗਾਈਆਂ ਇੰਟਰਲੋਕ ਟਾਈਲਾਂ ਦੇ ਵੇਰਵੇ

***67. (ਸੀ.ਯੂ.) ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਵਿਧਾਨ ਸਭਾ ਹਲਕਾ ਸੰਗਰੂਰ ਵਿੱਚ ਪਿਛਲੇ ਪੰਜ ਸਾਲ ਦੌਰਾਨ ਕਿੰਨੀਆਂ ਇੰਟਰਲੋਕ ਟਾਈਲਾਂ ਲਗਾਈਆਂ ਗਈਆਂ ਹਨ ਅਤੇ ਉਹਨਾਂ ਦੇ ਸਾਈਜ਼ ਵਾਈਜ਼ ਰੇਟ ਕੀ ਰਹੇ ਹਨ;

ਅ) ਉਪਰੋਕਤ ਟਾਈਲਾਂ ਕਿਹੜੇ-ਕਿਹੜੇ ਵਿਭਾਗਾਂ ਤੋਂ ਕਿਨ੍ਹਾ ਫੰਡਾਂ ਚੋਂ ਲਗਾਈਆਂ ਗਈਆਂ ਹਨ;

ੲ) ਕੀ ਇਨ੍ਹਾਂ ਇੰਟਰਲੋਕ ਟਾਈਲਾਂ ਨੂੰ ਲਗਾਉਣ ਲਈ ਕੋਈ ਕੁਟੇਸ਼ਨਾਂ ਲਗਾਈਆਂ ਗਈਆਂ ਸਨ ਜਾਂ ਕੋਈ ਟੈਂਡਰ ਜਾਰੀ ਕੀਤੇ ਗਏ ਸਨ; ਜੇਕਰ ਹਾਂ ਤਾਂ ਵੇਰਵੇ ਕੀ ਹਨ?

-------

## ਨਗਰ ਕੌਂਸਲ ਸੰਗਰੂਰ ਤੋਂ ਫੰਡ ਇੰਪਰੂਵਮੈਂਟ ਟਰਸਟ ਸੰਗਰੂਰ ਨੂੰ ਟਰਾਂਸਫਰ ਕਰਨਾ

***69. (ਸੀ.ਯੂ.) ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਪੰਜ ਸਾਲਾਂ ਦੌਰਾਨ ਨਗਰ ਕੌਂਸਲ ਸੰਗਰੂਰ ਤੋਂ ਕਿਸੇ ਵੀ ਤਰ੍ਹਾਂ ਦਾ ਕੋਈ ਫੰਡ ਇੰਪਰੂਵਮੈਂਟ ਟਰਸਟ ਸੰਗਰੂਰ ਨੂੰ ਟਰਾਂਸਫਰ ਕੀਤਾ ਗਿਆ ਹੈ; ਜੇਕਰ ਹਾਂ, ਤਾਂ ਕਿੰਨਾਂ ਫੰਡ ਟਰਾਂਸਫਰ ਕੀਤਾ ਗਿਆ ਹੈ?

-------

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮਨਾਉਣ ਤੇ ਆਏ ਖਰਚੇ ਦੇ ਵੇਰਵੇ

***70. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸੁਲਤਾਨਪੁਰ ਲੋਧੀ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਦੇ ਸਬੰਧ ਵਿੱਚ ਵੱਖ-ਵੱਖ ਸਮਾਗਮਾਂ ਤੇ ਰਾਜ ਸਰਕਾਰ ਵੱਲੋਂ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ;

ਅ) ਕੀ ਉਪਰੋਕਤ ਫੰਡਾਂ ਦੀ ਦੁਰਵਰਤੋਂ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੋਈ ਸੀ; ਜੇਕਰ ਅਜਿਹਾ ਹੋਵੇ ਤਾਂ, ਇਸਦੇ ਵੇਰਵੇ ਕੀ ਹਨ ਅਤੇ ਇਸਤੇ ਕੀ ਕਾਰਵਾਈ ਕੀਤੀ ਗਈ?

-------

## ਰਾਜ ਵਿੱਚ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਨੂੰ ਮਿਲਣ ਵਾਲੇ ਮਾਣ ਭੱਤੇ ਦੀ ਅਦਾਇਗੀ

***71. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਨੂੰ ਲੰਮੇ ਸਮੇ ਂ ਤੋਂ ਮਾਣ ਭੱਤਾ ਨਹੀਂ ਦਿੱਤਾ ਗਿਆ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸਦੇ ਕੀ ਕਾਰਨ ਹਨ ਅਤੇ ਉਪਰੋਕਤ ਸਰਪੰਚਾਂ ਨੂੰ ਉਕੱਤ ਮਾਣ ਭੱਤਾ ਕਦੋਂ ਤੱਕ ਅਦਾ ਕਰ ਦਿੱਤਾ ਜਾਵੇਗਾ?

-------

## ਰਾਜ ਦੇ ਕਿਸਾਨਾਂ ਨੂੰ ਲੋੜ ਅਨੁਸਾਰ ਯੂਰੀਏ ਦੀ ਸਪਲਾਈ ਕਰਨਾ

***72. (ਸੀ.ਯੂ.) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਕੋਲ ਕਿਸਾਨਾਂ ਦੀ ਲੋੜ ਅਨੁਸਾਰ ਯੂਰੀਏ ਦਾ ਪੂਰਾ ਸਟਾਕ ਹੈ; ਜੇਕਰ ਅਜਿਹਾ ਨਹੀਂ ਤਾਂ ਰਾਜ ਵਿੱਚ ਯੂਰੀਏ ਦੀ ਮੰਗ ਅਤੇ ਸਪਲਾਈ ਵਿੱਚ ਕਿੰਨੀ ਕਮੀ ਹੈ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਦੀ ਕੀ ਤਜਵੀਜ਼ ਹੈ?

-------

## 2017 ਤੋਂ ਹੁਣ ਤੱਕ ਬਾਰਸ਼ਾਂ ਦੇ ਵਾਧੂ ਪਾਣੀ ਦੀ ਸੰਭਾਲ ਲਈ ਕੀਤੇ ਗਏ ਖਰਚਿਆਂ ਦੇ ਵੇਰਵੇ

***73. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ਼ ਗੋਲਡੀ, ਐਮ.ਐਲ.ਏ.:-** ਕੀ ਭੂਮੀ ਅਤੇ ਜਲ ਸੰਭਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਵੱਲੋਂ ਬਾਰਸ਼ਾਂ ਦੌਰਾਨ ਵਾਧੂ ਪਾਣੀ ਦੀ ਸੰਭਾਲ ਲਈ ਕੋਈ ਨੀਤੀ ਬਣਾਈ ਗਈ ਹੈ;

ਅ) 2017 ਤੋਂ ਹੁਣ ਤੱਕ ਬਾਰਸ਼ਾਂ ਦੇ ਵਾਧੂ ਪਾਣੀ ਦੀ ਸੰਭਾਲ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਗਏ ਅਤੇ ਕਿੰਨੀ ਰਕਮ ਕਿੱਥੇ-ਕਿੱਥੇ ਖਰਚ ਕੀਤੀ ਗਈ, ਵੇਰਵੇ ਸਹਿਤ ਦੱਸਿਆ ਜਾਵੇ?

-------

## ਹਲਕਾ ਜਲਾਲਾਬਾਦ (ਫਾਜਿਲਕਾ) ਦੇ ਸੀ.ਐਚ.ਸੀ., ਪੀ.ਐਚ.ਸੀ. ਜੰਡਵਾਲਾ ਭੀਮੇਸ਼ਾਹ ਅਤੇ ਪੀ.ਐਚ.ਸੀ. ਡੱਬਵਾਲਾ ਕਲਾਂ ਨੂੰ ਅੱਪਗ੍ਰੇਡ ਕਰਨਾ

***76. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ਼ ਗੋਲਡੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਜਲਾਲਾਬਾਦ, ਜ਼ਿਲ੍ਹਾ ਫਾਜਿਲਕਾ ਅਧੀਨ C.H.C ਜਲਾਲਾਬਾਦ P.H.C ਜੰਡਵਾਲਾ ਭੀਮੇਸ਼ਾਹ ਅਤੇ C.H.C ਡੱਬਵਾਲਾ ਕਲਾਂ, ਜ਼ਿਲ੍ਹਾ ਫਾਜ਼ਿਲਕਾ ਨੂੰ ਅੱਪਗ੍ਰੇਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

––––––

## ਹਲਕਾ ਜਲਾਲਾਬਾਦ ਜ਼ਿਲ੍ਹਾ ਫਾਜਿਲਕਾ ਦੇ ਸਿਵਲ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਹੋਰ ਅਮਲੇ ਦੀ ਘਾਟ ਪੂਰੀ ਕਰਨਾ

***77. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ਼ ਗੋਲਡੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਜਲਾਲਾਬਾਦ, ਜ਼ਿਲ੍ਹਾ ਫਾਜਿਲਕਾ ਅਧੀਨ ਕਿੰਨੇ ਸਿਵਲ ਹਸਪਤਾਲ C.H.C, P.H.C, A/P.H.C, S.H.C, R.D ਹਨ;

ਅ) ਕੀ ਇਨ੍ਹਾਂ ਸਿਹਤ ਸੰਸਥਾਵਾਂ ਵਿੱਚ ਡਾਕਟਰ ਅਤੇ ਹੋਰ ਅਮਲਾ ਪੂਰਾ ਹੈ; ਜੇਕਰ ਨਹੀਂ, ਤਾਂ ਇਹ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ?

––––––

## ਨਗਰ ਪੰਚਾਇਤ ਅਰਨੀਵਾਲਾ ਵਿੱਚ ਪਾਣੀ ਦੀ ਸਪਲਾਈ ਲਈ ਪਾਈਪਾਂ ਪਾਉਣੀਆਂ

***79. (ਸੀ.ਯੂ.) ਸ਼੍ਰੀ ਜਗਦੀਪ ਕੰਬੋਜ਼ ਗੋਲਡੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਨਗਰ ਪੰਚਾਇਤ ਅਰਨੀਵਾਲਾ ਵਿੱਚ ਪਾਣੀ ਦੀ ਸਪਲਾਈ ਦੀਆਂ ਪਾਈਪਾਂ ਪੈ ਚੁੱਕੀਆਂ ਹਨ; ਜੇਕਰ ਇਹ ਕੰਮ ਅਧੂਰਾ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਮੁਕੰਮਲ ਕਰ ਲਿਆ ਜਾਵੇਗਾ;

ਅ) ਕੀ ਨਗਰ ਪੰਚਾਇਤ ਅਰਨੀਵਾਲਾ ਸ਼ੇਖ ਸੁਭਾਨ ਜ਼ਿਲ੍ਹਾ ਫਾਜ਼ਿਲਕਾ ਵਿਖੇ ਸੀਵਰੇਜ਼ ਪੈ ਚੁੱਕਿਆ ਹੈ; ਜੇਕਰ ਹਾਂ ਤਾਂ ਇਸ ਤੇ ਕਿੰਨੀ ਲਾਗਤ ਆਈ ਹੈ, ਵੇਰਵੇ ਸਹਿਤ ਦੱਸਿਆ ਜਾਵੇ?

--------

## ਖੇਤੀਬਾੜੀ ਲਈ ਵਰਜਿਤ ਦਵਾਈਆਂ ਦੀ ਸੂਚੀ ਹਰ ਪੇਸਟੀਸਾਈਡ ਦੀ ਦੁਕਾਨ ਤੇ ਲਗਾਉਣਾ

***81. (ਸੀ.ਯੂ.) ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਖੇਤੀਬਾੜੀ ਲਈ ਜੋ ਦਵਾਈਆਂ ਵਰਜਿਤ ਹਨ, ਉਨ੍ਹਾਂ ਦੀ ਸੂਚੀ ਹਰ ਪੇਸਟੀਸਾਈਡ ਦੀ ਦੁਕਾਨ ਦੇ ਬਾਹਰ ਲਗਾਉਣਾ ਕਾਨੂੰਨਨ ਜਰੂਰੀ ਹੈ; ਜੇਕਰ ਹਾਂ ਤਾਂ ਇਸਦੀ ਪਾਲਣਾ ਨਾ ਕਰਨ ਵਾਲੇ ਦੁਕਾਨਦਾਰਾਂ ਖਿਲਾਫ ਸਰਕਾਰ ਕੀ ਕਦਮ ਚੁੱਕਣ ਦੀ ਤਜਵੀਜ਼ ਰੱਖਦੀ ਹੈ?

--------

## ਹਲਕਾ ਅਮਰਗੜ੍ਹ ਅਤੇ ਅਹਿਮਦਗੜ੍ਹ ਦੇ ਸਰਕਾਰੀ ਹਸਪਤਾਲਾਂ ਵਿੱਚ ਖਾਲੀ ਅਸਾਮੀਆਂ

***82. (ਸੀ.ਯੂ.) ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਅਮਰਗੜ੍ਹ ਅਤੇ ਅਹਿਮਦਗੜ੍ਹ ਦੇ ਸਰਕਾਰੀ ਹਸਪਤਾਲਾਂ ਵਿਖੇ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

———

## ਨਕਲੀ ਦੁੱਧ ਦੀ ਰੋਕਥਾਮ ਕਰਨਾ

***83. (ਸੀ.ਯੂ.) ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਕਲੀ ਦੁੱਧ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀ ਯਤਨ ਕੀਤੇ ਜਾ ਰਹੇ ਹਨ; ਵੇਰਵੇ ਦਿੱਤੇ ਜਾਣ?

———

## ਨਸ਼ੇ ਦੇ ਆਦੀ ਹੋ ਚੁੱਕੇ ਵਿਅਕਤੀ ਦੇ ਇਲਾਜ਼ ਦੀ ਯੋਜਨਾਂ

***86. (ਸੀ.ਯੂ.) ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੋ ਵਿਅਕਤੀ ਨਸ਼ੇ ਦੇ ਆਦੀ ਹੋ ਚੁੱਕੇ ਹਨ ਕੀ ਉਨ੍ਹਾਂ ਨੂੰ ਮਰੀਜ਼ ਘੋਸ਼ਿਤ ਕਰਕੇ ਉਨ੍ਹਾਂ ਦਾ ਇਲਾਜ ਕਰਨ ਦੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹਾਂ, ਤਾਂ ਉਸਦੇ ਵੇਰਵੇ ਕੀ ਹਨ?

———

## ਦੀਨਾਨਗਰ ਵਿੱਚ ਰਾਵੀ ਦਰਿਆ ਉੱਤੇ ਮਕੋਰਾਂ ਪੱਤਣ ਵਿਖੇ ਪੁੱਲ ਦੇ ਨਿਰਮਾਣ ਦੀ ਮੌਜੂਦਾ ਸਥਿਤੀ

***90. (ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਦੀਨਾਨਗਰ ਵਿੱਚ ਰਾਵੀ ਦਰਿਆ ਉੱਤੇ ਮਕੋਰਾ ਪੱਤਣ ਵਿਖੇ ਪੁੱਲ ਦੇ ਨਿਰਮਾਣ ਦੀ ਮੌਜੂਦਾ ਸਥਿਤੀ ਕੀ ਹੈ;

ਅ) ਉਪਰੋਕਤ ਪੁੱਲ ਦੇ ਨਿਰਮਾਣ ਨੂੰ ਕਦੋਂ ਤੱਕ ਸ਼ੁਰੂ ਕਰਕੇ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

-------

## ਪੰਜਾਬ ਵਿੱਚ ਡੀ.ਡੀ.ਪੀ.ਓਜ਼. ਅਤੇ ਬੀ.ਡੀ.ਪੀ.ਓਜ਼. ਦੀਆਂ ਅਸਾਮੀਆਂ ਦੀ ਗਿਣਤੀ

***92. (ਸੀ.ਯੂ.) ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਡੀ.ਡੀ.ਪੀ.ਓਜ਼. ਅਤੇ ਬੀ.ਡੀ.ਪੀ.ਓਜ਼. ਦੀਆਂ ਮੰਨਜ਼ੂਰਸ਼ੁਦਾ ਅਤੇ ਖਾਲੀ ਪਈਆਂ ਅਸਾਮੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਅਤੇ ਕੀ ਖਾਲੀ ਪਈਆਂ ਅਸਾਮੀਆਂ ਦਾ ਕਰੰਟ ਡਿਊਟੀ ਚਾਰਜ ਸਰਕਾਰੀ ਹਦਾਇਤਾਂ ਅਨੁਸਾਰ ਸਭ ਤੋਂ ਸੀਨੀਅਰ ਅਧਿਕਾਰੀ ਨੂੰ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

-------

## ਰਾਜ ਦੇ ਕਿਸਾਨਾਂ ਵੱਲ ਸਹਿਕਾਰੀ ਸਭਾਵਾਂ ਦੇ ਕਰਜ਼ੇ ਦੇ ਵੇਰਵੇ

***93. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਹਿਕਾਰੀ ਸਭਾਵਾਂ ਦਾ ਕਿੰਨਾ ਕਰਜ਼ਾ ਰਾਜ ਦੇ ਕਿਸਾਨਾਂ ਵੱਲ ਬਕਾਇਆ ਹੈ ਅਤੇ ਉਸ ਦੇ ਵੇਰਵੇ ਕੀ ਹਨ;

ਅ) ਕੀ ਕਿਸੇ ਕਿਸਾਨ ਦੀ ਜ਼ਮੀਨ ਦੀ "ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, 1961 ਦੀ ਧਾਰਾ 65 ਅਧੀਨ ਕੁਰਕੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

-------

## ਗੁਲਾਬੀ ਸੁੰਡੀ ਦੇ ਹਮਲੇ ਕਾਰਨ ਨੁਕਸਾਨੀਆਂ ਫਸਲਾਂ ਦਾ ਕਿਸਾਨਾਂ ਨੂੰ ਮੁਆਵਜ਼ਾ ਦੇਣਾ

*** 96. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2021 ਦੌਰਾਨ ਗੁਲਾਬੀ ਸੁੰਡੀ ਨਾਲ ਜ਼ਿਲ੍ਹਾ-ਵਾਰ ਕਿੰਨੇ ਏਕੜ ਨਰਮੇ ਦੀ ਫਸਲ ਖਰਾਬ ਹੋਈ ਹੈ ਅਤੇ ਖਰਾਬ ਹੋਈ ਨਰਮੇ ਦੀ ਫਸਲ ਦਾ ਮੁਆਵਜ਼ਾ ਦੇਣ ਲਈ ਕਿੰਨੀ ਰਕਮ ਜਾਰੀ ਕੀਤੀ ਗਈ, ਕਿਸਾਨਾਂ ਅਤੇ ਖੇਤ ਮਜਦੂਰਾਂ ਨੂੰ ਜ਼ਿਲ੍ਹਾ-ਵਾਰ ਕਿੰਨੀ ਰਕਮ ਮੁਆਵਜੇ ਦੇ ਤੌਰ ਤੇ ਦਿੱਤੀ ਗਈ ਅਤੇ ਕਿੰਨੀ ਬਕਾਇਆ ਹੈ?

-------

## 16 ਮਾਰਚ 2022 ਤੋਂ ਹੁਣ ਤੱਕ ਆਬਕਾਰੀ ਵਿਭਾਗ ਨੂੰ ਹੋਈ ਆਮਦਨ ਦੇ ਵੇਰਵੇ

***97. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:–** ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਕੋਈ ਨਵੀਂ ਆਬਕਾਰੀ ਨੀਤੀ ਸਰਕਾਰ ਦੇ ਵਿਚਾਰ-ਅਧੀਨ ਹੈ, ਜੇ ਹੈ ਤਾਂ ਉਸ ਦੇ ਵੇਰਵੇ ਕੀ ਹਨ;

ਅ) ਮਿਤੀ 16 ਮਾਰਚ, 2022 ਤੋਂ ਲੈ ਕੇ ਹੁਣ ਤੱਕ ਕਿੰਨੀ ਆਮਦਨ ਹੋਈ ਹੈ?

-------

## 16 ਮਾਰਚ 2022 ਤੋਂ ਹੁਣ ਤੱਕ ਹੋਈਆਂ ਰਜਿਸਟਰੀਆਂ ਅਤੇ ਉਸਦੀ ਆਮਦਨ ਦੇ ਵੇਰਵੇ

***98. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 16 ਮਾਰਚ, 2022 ਤੋਂ ਮੌਜੂਦਾ ਸਮੇਂ ਤੱਕ ਜ਼ਿਲ੍ਹਾਵਾਰ, ਕੁੱਲ ਕਿੰਨੀਆਂ ਸੰਪਤੀਆਂ ਦੀਆਂ ਰਜਿਸਟਰੀਆਂ ਹੋਈਆਂ ਹਨ ਅਤੇ ਸਰਕਾਰ ਨੂੰ ਰਜਿਸਟਰੀਆਂ ਤੋਂ ਕੁੱਲ ਕਿੰਨੀ ਆਮਦਨ ਹੋਈ ਅਤੇ ਪਿਛਲੇ ਸਾਲ ਮਾਰਚ ਤੋਂ ਜੂਨ, 2021 ਦੌਰਾਨ ਕਿੰਨੀ ਆਮਦਨ ਹੋਈ ਹੈ?

-------

## 16 ਮਾਰਚ 2022 ਤੋਂ ਹੁਣ ਤੱਕ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਨੂੰ ਦਿੱਤੇ ਗਏ ਇਸ਼ਤਿਹਾਰ ਦੇ ਵੇਰਵੇ

***101. (ਸੀ.ਯੂ.) 1. ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਐਮ.ਐਲ.ਏ.)**

**2. ਸਰਦਾਰ ਪਰਗਟ ਸਿੰਘ, ਐਮ.ਐਲ.ਏ.) :–** ਕੀ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਮਿਤੀ 16 ਮਾਰਚ, 2022 ਤੋਂ ਹੁਣ ਤੱਕ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਨੂੰ ਕਿਹੜੇ-ਕਿਹੜੇ ਇਸ਼ਤਿਹਾਰ ਜਾਰੀ ਕੀਤੇ ਗਏ, ਇਨ੍ਹਾਂ ਜਾਰੀ ਕੀਤੇ ਗਏ ਇਸ਼ਤਿਹਾਰਾਂ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਹੈ ਅਤੇ ਇਹ ਇਸ਼ਤਿਹਾਰ ਕਿਹੜੀਆਂ-ਕਿਹੜੀਆਂ ਭਾਸ਼ਾਵਾ ਵਿੱਚ ਕਿਹੜੇ-ਕਿਹੜੇ ਰਾਜ ਦੇ ਕਿਹੜੇ-ਕਿਹੜੇ ਅਖਬਾਰਾਂ ਅਤੇ ਟੀ.ਵੀ. ਚੈਨਲਾਂ ਨੂੰ ਦਿੱਤੇ ਹਨ, ਵੇਰਵੇ ਸਹਿਤ ਦੱਸਿਆ ਜਾਵੇ?

-------

## ਪੀ.ਐਚ.ਸੀ. ਸ਼ੁਤਰਾਣਾ ਜਾਂ ਸੀ.ਐਚ.ਸੀ. ਪਾਤੜਾਂ ਦੇ ਹਸਪਤਾਲ ਵਿੱਚ ਮੋਰਚਰੀ ਖੋਲ੍ਹਣਾ

***102. (ਸੀ.ਯੂ.) ਸਰਦਾਰ ਕੁਲਵੰਤ ਸਿੰਘ ਬਾਜੀਗਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ PHC ਸ਼ੁਤਰਾਣਾ ਜਾਂ CHC ਪਾਤੜਾਂ ਵਿੱਚ ਪੋਸਟਮਾਰਟਮ ਯੂਨਿਟ ਅਤੇ ਮੋਰਚਰੀ ਖੋਲ੍ਹਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੀ ਪ੍ਰਵਾਨਗੀ ਕਦੋਂ ਤੱਕ ਦਿੱਤੀ ਜਾਵੇਗੀ;

ਅ) ਕੀ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿਖੇ ਟਰਾਮਾ ਸੈਂਟਰ ਖੋਲਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

------

**ਪੰਜਾਬ ਰਾਜ ਵੱਲ ਕਰਜ਼ੇ ਦੀ ਰਾਸ਼ੀ ਦੇ ਵੇਰਵੇ**

***104. (ਸੀ.ਯੂ.) 1. ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.)**

**2. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.):-**

ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 28 ਫਰਵਰੀ, 2022 ਤੱਕ ਰਾਜ ਤੇ ਕਰਜੇ ਦੀ ਕੁੱਲ ਕਿੰਨੀ ਬਕਾਇਆ ਰਾਸ਼ੀ ਹੈ;

ਅ) ਕੀ ਸਰਕਾਰ ਨੇ 1 ਮਾਰਚ, 2022 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਸਰਕਾਰੀ, ਅਰਧ ਸਰਕਾਰੀ, ਗੈਰ ਸਰਕਾਰੀ ਅਤੇ ਹੋਰ ਸੈਕਟਰਾਂ ਤੋਂ ਕੋਈ ਕਰਜ਼ਾ ਲਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਰਜ਼ੇ ਦੀ ਕੁੱਲ ਰਾਸ਼ੀ, ਮੰਤਵ ਅਤੇ ਇਸ ਦੇ ਮੁਕੰਮਲ ਵੇਰਵੇ ਕੀ ਹਨ?

-------

**ਵੱਖ-ਵੱਖ ਏਜੰਸੀਆਂ ਵੱਲੋਂ ਕਣਕ ਦੀ ਖਰੀਦ ਲਈ ਨਿਸ਼ਚਿਤ ਕੀਤੇ ਟੀਚਿਆਂ ਦੇ ਵੇਰਵੇ**

***105. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਵੱਖ-ਵੱਖ ਏਜੰਸੀਆਂ ਵੱਲੋਂ ਕਣਕ ਦੀ ਖਰੀਦ ਲਈ ਨਿਸ਼ਚਿਤ ਟੀਚੇ ਕੀ ਹਨ;

ਅ) ਕੀ ਉਕਤ ਏਜੰਸੀਆਂ ਦੁਆਰਾ ਟੀਚੇ ਪ੍ਰਾਪਤ ਕਰ ਲਏ ਗਏ ਹਨ, ਜੇਕਰ ਨਹੀਂ ਤਾਂ ਕਮੀਆਂ ਦੇ ਵੇਰਵੇ ਅਤੇ ਇਸ ਦੇ ਕੀ ਕਾਰਨ ਹਨ;

ੲ) ਕੀ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦ ਦਾ ਪੂਰਾ ਭੁਗਤਾਨ ਕਰ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

-------

## ਰਾਜ ਵਿੱਚ ਟਰੱਕ ਯੂਨੀਅਨਾਂ ਨੂੰ ਮੁੜ ਸੁਰਜੀਤ ਕਰਨਾ

***106. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿੱਚ ਟਰੱਕ ਯੂਨੀਅਨਾਂ ਨੂੰ ਮੁੜ ਸੁਰਜੀਤ ਕਰਨ ਦਾ ਫੈਸਲਾ ਕੀਤਾ ਹੈ; ਜੇਕਰ ਹਾਂ ਤਾਂ, ਇਸਦੇ ਵੇਰਵੇ ਕੀ ਹਨ;

-------

## ਝੋਨੇ ਦੀ ਸਿੱਧੀ ਬਿਜਾਈ ਲਈ ਸਰਕਾਰ ਵੱਲੋਂ ਐਲਾਨ ਕੀਤੇ ਇੰਸੈਂਟਿਵਸ

***107. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮੌਜੂਦਾ ਝੋਨੇ ਦੀ ਬਿਜਾਈ ਦੇ ਸੀਜ਼ਨ ਵਿੱਚ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਲਈ ਸਰਕਾਰ ਵੱਲੋਂ ਐਲਾਨ ਕੀਤੇ ਗਏ ਇੰਸੈਂਟਿਵਸ ਕੀ ਹਨ ਅਤੇ ਇੰਸੈਂਟਿਵ ਦੀ ਰਾਸ਼ੀ ਕਿੰਨੀ ਹੈ;

ਅ) ਕਿਸਾਨਾਂ ਦੁਆਰਾ ਰਾਜ ਵਿੱਚ ਝੋਨੇ ਦੀ ਬਿਜਾਈ ਵਿੱਚ ਡੀ.ਐਸ.ਆਰ. ਅਧੀਨ ਲਿਆਂਦਾ ਗਿਆ ਕੁੱਲ ਰਕਬਾ ਕਿੰਨਾ ਹੈ?

-------

## ਰਾਜ ਵਿੱਚ ਬਿਜਲੀ ਪੈਦਾਵਾਰ ਦੇ ਵੇਰਵੇ

***108. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਮਾਰਚ 2022 ਤੋਂ ਬਾਅਦ ਰਾਜ ਵਿੱਚ ਬਿਜਲੀ ਪੈਦਾਵਾਰ ਦੇ ਵੇਰਵੇ ਕੀ ਹਨ;

ਅ) ਕੀ ਕੋਲੇ ਦੀ ਘਾਟ ਕਾਰਨ ਬਿਜਲੀ ਉਤਪਾਦਨ ਵਿੱਚ ਵਿਘਨ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਸਰਕਾਰ ਵੱਲੋਂ ਕੋਲੇ ਦੀ ਘਾਟ ਨੂੰ ਪੂਰਾ ਕਰਨ ਲਈ ਕੀ ਕਦਮ ਚੁੱਕੇ ਗਏ ਹਨ;

ੲ) ਰਾਜ ਵਿੱਚ ਬਿਜਲੀ ਸਪਲਾਈ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਅਤੇ ਬਿਜਲੀ ਪੈਦਾਵਾਰ ਨੂੰ ਵਧਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ ਹਨ?

–––––––

## ਮਾਰਚ 2022 ਤੋਂ ਰਾਜ ਵਿੱਚ ਅੱਤਵਾਦੀ ਕਾਰਵਾਈਆਂ ਦੀ ਗਿਣਤੀ ਅਤੇ ਵੇਰਵੇ

***109. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਰਚ 2022 ਤੋਂ ਹੁਣ ਤੱਕ ਰਾਜ ਵਿੱਚ ਅੱਤਵਾਦੀ ਕਾਰਵਾਈਆਂ ਦੀ ਗਿਣਤੀ ਅਤੇ ਵੱਖ-ਵੱਖ ਕੇਸਾਂ ਵਿੱਚ ਦੋਸ਼ੀ ਵਿਅਕਤੀਆਂ ਦੇ ਵੇਰਵੇ ਅਤੇ ਜਾਂਚ ਦੀ ਮੌਜੂਦਾ ਸਥਿਤੀ ਕੀ ਹੈ?

–––––––

## ਸਾਲ 2020-2021 ਅਤੇ 2022 ਹੁਣ ਤੱਕ ਕਿਸਾਨਾਂ ਦੁਆਰਾ ਕੀਤੀਆਂ ਖੁਦਕੁਸ਼ੀਆਂ ਦੇ ਵੇਰਵੇ

***110. (ਸੀ.ਯੂ.) ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2020-21 ਅਤੇ 2022 ਤੱਕ ਸਾਲ-ਵਾਰ ਪੰਜਾਬ ਵਿੱਚ ਕਿਸਾਨਾਂ ਦੁਆਰਾ ਕੀਤੀਆ ਗਈਆਂ ਖੁਦਕੁਸ਼ੀਆਂ ਦੀ ਗਿਣਤੀ ਕਿੰਨੀ ਹੈ;

ਅ) ਮ੍ਰਿਤਕਾਂ ਦੇ ਕਰੀਬੀ-ਰਿਸ਼ਤੇਦਾਰਾਂ ਨੂੰ ਜਾਰੀ ਐਕਸ-ਗ੍ਰੇਸ਼ੀਆ ਗ੍ਰਾਂਟ ਦੀ ਰਾਸ਼ੀ, ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ?

-------

## ਪਿਛਲੀ ਸਰਕਾਰ ਦੌਰਾਨ ਰਾਜਨੀਤਿਕ ਅਤੇ ਆਮ ਲੋਕਾਂ ਖਿਲਾਫ ਦਰਜ ਐਫ.ਆਈ.ਆਰਾਂ ਸਬੰਧੀ

***111. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿਛਲੀ ਸਰਕਾਰ ਦੌਰਾਨ ਕਈ ਰਾਜਨੀਤਿਕ ਅਤੇ ਆਮ ਲੋਕਾਂ ਦੇ ਖਿਲਾਫ ਜੋ ਐਫ.ਆਈ.ਆਰਾਂ ਦਰਜ ਹੋਈਆਂ ਸਨ, ਕੀ ਉਸ ਵਾਸਤੇ ਕਮਿਸ਼ਨ ਜਾਂ ਕਮੇਟੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਨਜਾਇਜ਼ ਪਰਚੇ/ਐਫ.ਆਈ.ਆਰ. ਨਾਲ ਸਬੰਧਤ ਜਸਟਿਸ (ਰਿਟਾ.) ਐਮ.ਐਸ.ਗਿੱਲ ਕਮਿਸ਼ਨ ਦੀ ਰਿਪੋਰਟ ਅਤੇ ਉਸ ਤੇ ਆਧਾਰਿਤ ਕੀਤੀ ਗਈ ਕਾਰਵਾਈ ਦਾ ਸੰਪੂਰਨ ਵੇਰਵਾ ਦਿੱਤਾ ਜਾਵੇ;

ੲ) ਜਿਨ੍ਹਾਂ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੇ ਨਜਾਇਜ਼ ਐਫ.ਆਈ.ਆਰਾਂ. ਦਰਜ ਕਰਵਾਈਆਂ ਹਨ ਕੀ ਸਰਕਾਰ ਦੀ ਉਹਨਾਂ ਖਿਲਾਫ ਕੋਈ ਕਾਰਵਾਈ ਕਰਨ ਦੀ ਤਜਵੀਜ਼ ਹੈ?

-------

## ਸਾਲ 2020 ਦੌਰਾਨ ਅੰਮ੍ਰਿਤਸਰ, ਤਰਨਤਾਰਨ ਅਤੇ ਬਟਾਲਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੇ ਵੇਰਵੇ

***113. (ਸੀ.ਯੂ.) ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਾਲ 2020 ਦੇ ਵਿੱਚ ਅੰਮ੍ਰਿਤਸਰ, ਤਰਨਤਾਰਨ ਅਤੇ ਬਟਾਲਾ ਜ਼ਿਲ੍ਹੇ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਜੋ ਮੌਤਾਂ ਹੋਈਆਂ ਸਨ ਅਤੇ ਜਿਨ੍ਹਾਂ ਦੀਆਂ ਅੱਖਾਂ ਦੀਆਂ ਰੌਸ਼ਨੀਆਂ ਚਲੀਆਂ ਗਈਆਂ ਸਨ, ਕੀ ਉਸ ਸਬੰਧ ਵਿੱਚ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਦਿੱਤੇ ਜਾਣ;

ਅ) ਕੀ ਇਸ ਜ਼ਹਿਰੀਲੀ ਸ਼ਰਾਬ ਪ੍ਰਕਰਨ ਦੇ ਵਿੱਚ ਕਿਸੇ ਰਾਜਨੀਤਕ ਘਰਾਣੇ ਦਾ ਹੱਥ ਹੈ; ਜੇਕਰ ਹੈ ਤਾਂ ਵੇਰਵਾ ਦਿੱਤਾ ਜਾਵੇ;

ੲ) ਉਪਰੋਕਤ ਭਾਗ (ੳ) ਵਿੱਚ ਦਰਜ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਵਾਸਤੇ ਸਰਕਾਰ ਨੇ ਕੋਈ ਉਪਰਾਲਾ ਕੀਤਾ ਹੈ ਜਾਂ ਪ੍ਰਭਾਵਿਤ ਵਿਆਕਤੀਆਂ ਨੂੰ ਕੋਈ ਮੁਆਵਜ਼ੇ ਦਿੱਤੇ ਗਏ ਸਨ; ਜੇਕਰ ਦਿੱਤੇ ਗਏ ਸਨ ਤਾਂ ਉਨ੍ਹਾਂ ਦੇ ਵੇਰਵੇ ਦਿੱਤੇ ਜਾਣ;

ਸ) ਕੀ ਉਕਤ ਘਟਨਾਂਵਾਂ ਦਾ ਵਿਰੋਧ ਕਰਨ ਵਾਲੇ ਲੀਡਰਾਂ ਅਤੇ ਵਲੰਟੀਅਰਾਂ ਤੇ ਦਰਜ ਕੀਤੇ ਕੇਸ ਖਾਰਜ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ?

———————

## ਲਾਲ ਲਕੀਰ ਵਿੱਚ ਆਈ ਜ਼ਮੀਨ ਤੇ ਬਣੇ ਹੋਏ ਮਕਾਨਾਂ ਦੀ ਰਜ਼ਿਸਟਰੀ ਸਬੰਧਤ ਅਲਾਟੀਜ਼ ਨੂੰ ਕਰਨਾ

***114. (ਸੀ.ਯੂ.) ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਲਾਲ ਲਕੀਰ ਵਿੱਚ ਆਈ ਜ਼ਮੀਨ ਤੇ ਬਣੇ ਹੋਏ ਮਕਾਨਾਂ ਦੀ ਸਬੰਧਿਤ ਅਲਾਟੀਜ਼ ਦੇ ਨਾਂ ਤੇ ਰਜਿਸਟਰੀ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਸ ਤੇ ਕਦੋਂ ਤੱਕ ਕਾਰਵਾਈ ਕਰ ਦਿੱਤੀ ਜਾਵੇਗੀ?

_______

## ਸਰਕਾਰੀ ਪ੍ਰੈਸ ਐਸ.ਏ.ਐਸ. ਨਗਰ ਅਤੇ ਪਟਿਆਲਾ ਦੀਆਂ ਛਪਾਈ ਦੀਆਂ ਮਸ਼ੀਨਾਂ ਅਤੇ ਸਟਾਫ ਦੀਆਂ ਅਸਾਮੀਆਂ

***116. (ਸੀ.ਯੂ.) ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.:–** ਕੀ ਛਪਾਈ ਅਤੇ ਲਿੱਖਣ ਸਮੱਗਰੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਅਤੇ ਪਟਿਆਲਾ ਵਿਖੇ ਇਸ ਸਮੇਂ ਕਿੰਨੀਆਂ ਛਪਾਈ ਦੀਆਂ ਮਸ਼ੀਨਾਂ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਮਸ਼ੀਨਾਂ ਕੰਮ ਕਰਨ ਦੀ ਹਾਲਤ ਵਿੱਚ ਹਨ;

ਅ) ਉਕਤ ਪ੍ਰੈਸਾਂ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਕਿੰਨਾ ਕੰਮ ਕਰਵਾਇਆ ਗਿਆ ਅਤੇ ਕਿੰਨਾ ਕੰਮ ਪ੍ਰਾਇਵੇਟ ਪ੍ਰੈਸਾਂ ਨੂੰ ਅਲਾਟ ਕੀਤਾ ਗਿਆ;

ੲ) ਉਕਤ ਦੋਵੇਂ ਪ੍ਰੈਸਾਂ ਨੂੰ ਆਧੁਨਿਕ ਸਾਜ਼ੋ ਸਮਾਨ ਨਾਲ ਲੈਸ ਕਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਸ) ਉਕਤ ਦੋਵੇਂ ਪ੍ਰੈਸਾਂ ਵਿੱਚ ਸਟਾਫ ਦੀਆ ਕਿੰਨੀਆਂ ਸੈਂਕਸ਼ਨਡ ਅਸਾਮੀਆਂ ਹਨ ਅਤੇ ਇਨ੍ਹਾਂ ਅਸਾਮੀਆਂ ਵਿਰੁੱਧ ਕਿੰਨੇ ਕਰਮਚਾਰੀ ਕੰਮ ਕਰ ਰਹੇ ਹਨ; ਕਿੰਨੀਆਂ ਆਸਾਮੀਆਂ ਕਦੋਂ ਤੋਂ ਖਾਲੀ ਹਨ ਅਤੇ ਇਨ੍ਹਾਂ ਨੂੰ ਭਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਹ) ਉਕਤ ਦੋਵੇਂ ਪ੍ਰੈਸਾਂ ਦੀ ਬਿਲਡਿੰਗ ਦੀ ਹਾਲਤ ਕਿਹੋ ਜਿਹੀ ਹੈ ਅਤੇ ਇਨ੍ਹਾਂ ਬਿਲਡਿੰਗਾਂ ਦੀ ਮੈਨਟੀਨੈਂਸ ਵਾਸਤੇ ਕੀ ਉਪਰਾਲੇ ਕੀਤੇ ਜਾ ਰਹੇ ਹਨ?

_______

## ਮੋਹਾਲੀ ਨੂੰ ਜਾਂਦੀਆਂ ਐਰੋਸਿਟੀ ਦੀਆਂ ਸਾਰੀਆਂ ਸੜਕਾਂ ਦੇ ਨਿਰਮਾਣ ਦੇ ਵੇਰਵੇ

***117. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:-** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਚੰਡੀਗੜ੍ਹ ਅੰਤਰ ਰਾਸ਼ਟਰੀ ਹਵਾਈ ਅੱਡਾ, ਮੋਹਾਲੀ ਨੂੰ ਐਰੋਸਿਟੀ ਨਾਲ ਜੋੜਨ ਵਾਲੀਆਂ ਸਾਰੀਆਂ ਸੜਕਾਂ ਦੇ ਨਿਰਮਾਣ ਕਾਰਜਾਂ ਵਿੱਚ ਵੱਡੇ ਪੱਧਰ ਤੇ ਬੇਨਿਯਮੀਆਂ ਪਾਈਆਂ ਗਈਆਂ ਹਨ;

ਅ) ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਬੇਨਿਯਮੀਆਂ ਸਬੰਧੀ ਕਿਸੇ ਏਜੰਸੀ ਤੋਂ ਕੋਈ ਇਨਕੁਆਰੀ ਕਰਵਾਈ ਗਈ ਹੈ; ਜੇਕਰ ਹਾਂ ਤਾਂ ਉਸ ਵਿੱਚ ਕਿਨ੍ਹਾਂ-ਕਿਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਤੇ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ;

ੲ) ਇਨ੍ਹਾਂ ਬੇਨਿਯਮੀਆਂ ਕਾਰਨ ਸਰਕਾਰੀ ਖਜ਼ਾਨੇ ਨੂੰ ਕਿੰਨਾਂ ਨੁਕਸਾਨ ਹੋਇਆ ਹੈ ਅਤੇ ਇਸ ਦੀ ਭਰਪਾਈ ਲਈ ਕੀ ਕਦਮ ਚੁੱਕੇ ਗਏ ਹਨ;

ਸ) ਇਨ੍ਹਾਂ ਸੜਕਾਂ ਦੇ ਪੁਨਰ ਨਿਰਮਾਣ ਦੇ ਕਾਰਜ ਕਿਸ ਏਜੰਸੀ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਕੀ ਕਰਾਈਟੇਰੀਆ ਅਪਣਾਇਆ ਗਿਆ ਹੈ;

ਹ) ਉਕਤ ਨਿਰਮਾਣ ਕਾਰਜ ਕਦੋਂ ਤੱਕ ਸੰਪੂਰਨ ਹੋਣ ਦੀ ਸੰਭਾਵਨਾ ਹੈ?

-------

## ਥਾਪਰ ਬਹੁ ਤਕਨੀਕੀ ਕਾਲਜ਼ ਵਿੱਚ ਕੰਮ ਕਰਦੇ ਮਹਿਲਾ ਲੈਕਚਰਾਰਾਂ ਦੀ ਮੈਟਰਨਿਟੀ ਛੁੱਟੀ ਨੂੰ ਬਹਾਲ ਕਰਨਾ

***119. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:–** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਥਾਪਰ ਬਹੁ-ਤਕਨੀਕੀ ਕਾਲਜ, ਪਟਿਆਲਾ ਦੇ ਵੱਖ-ਵੱਖ ਡਿਪਾਰਟਮੈਂਟਸ ਵਿੱਚ ਕੰਮ ਕਰਦਿਆਂ ਮਹਿਲਾ ਲੈਕਚਰਾਰਾਂ ਨੂੰ ਮੈਟਰਨਿਟੀ ਐਕਟ, 2017 ਲਾਗੂ ਹੋਣ ਦੇ ਬਾਵਜੂਦ ਵੀ ਮੈਟਰਨਿਟੀ ਛੁੱਟੀ ਦੇਣ ਤੇ ਰੋਕ ਲਗਾਈ ਗਈ ਹੈ; ਜੇਕਰ ਹਾਂ, ਤਾਂ ਕਾਰਨ ਦੱਸੇ ਜਾਣ;

ਅ) ਕੀ ਇਸ ਰੋਕ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ ਅਤੇ ਇਸ ਛੁੱਟੀ ਨੂੰ ਕਦੋਂ ਤੱਕ ਬਹਾਲ ਕਰ ਦਿੱਤਾ ਜਾਵੇਗਾ?

------

## ਰਿਹਾਇਸ਼ੀ ਅਤੇ ਕਮਰਸ਼ੀਅਲ ਖੇਤਰਾਂ ਵਿੱਚ ਸੋਲਰ ਪਲਾਂਟ ਲਗਾਉਣਾ

***120. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:–** ਕੀ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਸੋਲਰ ਐਨਰਜੀ ਨੂੰ ਪ੍ਰੋਤਸਾਹਿਤ ਕਰਨ ਦੇ ਮਨੋਰਥ ਨਾਲ ਰਿਹਾਇਸ਼ੀ ਅਤੇ ਕਮਰਸ਼ੀਅਲ ਖੇਤਰਾਂ ਵਿੱਚ ਸੋਲਰ ਪਲਾਂਟ ਲਗਾਉਣ ਲਈ ਕੀ ਕਰਾਈਟੇਰੀਆ ਅਪਣਾਇਆ ਹੋਇਆ ਹੈ;

ਅ) ਇਸ ਖੇਤਰ ਨੂੰ ਉਤਸਾਹਿਤ ਕਰਨ ਲਈ ਰਿਹਾਇਸ਼ੀ ਅਤੇ ਕਮਰਸ਼ੀਅਲ ਸੈਕਟਰ ਵਿੱਚ ਮੁਫ਼ਤ ਸੋਲਰ ਪਲਾਂਟ ਲਗਾਉਣਾ ਕੀ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ, ਤਾਂ ਇਸ ਦੇ ਵੇਰਵੇ ਕੀ ਹਨ?

------

**ਰਾਜਿੰਦਰਾ ਹਸਪਤਾਲ ਅਤੇ ਗੋਰਮਿੰਟ ਕਾਲਜ਼ ਪਟਿਆਲਾ ਦੀਆਂ ਅਸਾਮੀਆਂ**

***121. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:–** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਰਾਜਿੰਦਰਾ ਹਸਪਤਾਲ ਅਤੇ ਗੋਰਮਿੰਟ ਮੈਡੀਕਲ ਕਾਲਜ, ਪਟਿਆਲਾ ਵਿਖੇ ਇਸ ਸਮੇਂ ਕਿੰਨੇ ਬੈਡੱਜ਼ ਹਨ ਅਤੇ ਇਨ੍ਹਾਂ ਬੈਡੱਜ਼ ਦੀ ਗਿਣਤੀ ਵਿੱਚ ਆਖਰੀ ਵਾਰ ਕਦੋਂ ਵਾਧਾ ਕੀਤਾ ਗਿਆ ਸੀ;

ਅ) ਭਾਗ (ੳ) ਵਿੱਚ ਦਰਸਾਏ ਅਨੁਸਾਰ ਇਸ ਸਮੇਂ ਪ੍ਰੋਫੈਸਰ, ਅਸਿਸਟੈਂਟ ਪ੍ਰੋਫੈਸਰ ਅਤੇ ਹੋਰ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਕਿੰਨੀਆਂ ਸੈਂਕਸ਼ਨਡ ਆਸਾਮੀਆਂ ਹਨ ਅਤੇ ਇਨ੍ਹਾਂ ਸੈਂਕਸ਼ਨਡ ਅਸਾਮੀਆਂ ਤੇ ਕਿੰਨਾਂ ਸਟਾਫ ਇਸ ਸਮੇਂ ਕੰਮ ਕਰ ਰਿਹਾ ਹੈ ਅਤੇ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ;

ੲ) ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਡਿਊਟੀਆਂ ਲਈ ਕੀ ਕਰਾਈਟੇਰੀਆ ਨਿਰਧਾਰਿਤ ਕੀਤਾ ਜਾਂਦਾ ਹੈ; ਕੀ ਮੌਜੂਦਾ ਬੈਡਜ਼ ਦੀ ਗਿਣਤੀ ਮੁਤਾਬਕ ਸਟਾਫ ਪੂਰਾ ਹੈ ਜਾਂ ਇਸ ਵਿੱਚ ਕੋਈ ਘਾਟ ਹੈ, ਜੇਕਰ ਘਾਟ ਹੈ ਤਾਂ ਇਸ ਨੂੰ ਪੂਰਾ ਕਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਸ) ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਪੀ.ਜੀ. ਕੋਰਸ ਦੀਆਂ ਕਿੰਨੀਆਂ ਅਸਾਮੀਆਂ ਹਨ ਅਤੇ ਕੀ ਇਨ੍ਹਾਂ ਅਸਾਮੀਆਂ ਨੂੰ ਵਧਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———————

## ਪਟਿਆਲਾ ਵਿਖੇ ਰਾਜਿੰਦਰਾ ਝੀਲ ਦੀ ਰੈਨੋਵੇਸ਼ਨ ਦੇ ਵੇਰਵੇ

***122. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪਟਿਆਲਾ ਵਿੱਚ ਰਾਜਿੰਦਰਾ ਝੀਲ ਦੀ ਆਖਰੀ ਵਾਰੀ ਰੈਨੋਵੇਸ਼ਨ ਕਦੋਂ ਕਰਵਾਈ ਗਈ ਅਤੇ ਇਸ ਵਾਸਤੇ ਕਿੰਨੀ ਰਕਮ ਖਰਚ ਕੀਤੀ ਗਈ;

ਅ) ਇਸ ਝੀਲ ਦੀ ਮੈਂਟੀਨੈਂਸ ਵਾਸਤੇ ਕੀ ਸਿਸਟਮ ਅਪਣਾਇਆ ਗਿਆ ਹੈ ਅਤੇ ਇਸ ਝੀਲ ਨੂੰ ਸੈਲਾਨੀਆਂ ਦੀ ਖਿੱਚ ਬਣਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

–––––––

## ਪਟਿਆਲਾ ਸ਼ਹਿਰ ਦੇ ਡੇਅਰੀ ਵਾਲਿਆਂ ਨੂੰ ਸ਼ਹਿਰੋਂ ਬਾਹਰ ਸ਼ਿਫਟ ਕਰਨਾ

***124. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਪਟਿਆਲਾ ਸ਼ਹਿਰ ਵਿਖੇ ਡੇਅਰੀ ਵਾਲਿਆਂ ਨੂੰ ਸੀਵਰੇਜ ਦੇ ਮਨੋਰਥ ਨਾਲ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੋਈ ਯੋਜਨਾ ਬਣਾਈ ਗਈ ਹੈ; ਜੇਕਰ ਹਾਂ, ਤਾਂ ਵਿਸਥਾਰ ਨਾਲ ਦੱਸੀ ਜਾਵੇ;

ਅ) ਕੀ ਇਸ ਯੋਜਨਾ ਅਧੀਨ ਡੇਅਰੀ ਵਾਲਿਆਂ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਲਈ ਸ਼ਹਿਰ ਦੇ ਚਾਰੇ ਪਾਸੇ ਜ਼ਮੀਨ ਅਲਾਟ ਕੀਤੀ ਗਈ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਪਟਿਆਲਾ ਸ਼ਹਿਰ ਦੇ ਚਾਰੇ ਪਾਸੇ ਡੇਅਰੀ ਵਾਲਿਆਂ ਨੂੰ ਜ਼ਮੀਨ ਅਲਾਟ ਕਰਨ ਲਈ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

–––––––

## ਕਰੋਨਾ ਮਹਾਂਮਾਰੀ ਦੌਰਾਨ ਸੇਵਾਵਾਂ ਨਿਭਾਉਣ ਵਾਲੇ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ/ਨਵੀਂ ਭਰਤੀ ਵਿੱਚ ਪਹਿਲ ਦੇਣਾ

***125. (ਸੀ.ਯੂ.) ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕਰੋਨਾ ਮਹਾਂਮਾਰੀ ਦੌਰਾਨ ਸੇਵਾਵਾਂ ਨਿਭਾਉਣ ਵਾਲੇ ਮੈਡੀਕਲ ਅਤੇ ਪੈਰ੍ਹਾ ਮੈਡੀਕਲ ਕਰਮਚਾਰੀਆਂ ਦੀਆ ਸੇਵਾਵਾਂ ਰੈਗੁਲਰ ਕਰਨ ਜਾਂ ਉਨ੍ਹਾਂ ਨੂੰ ਨਵੀਂ ਭਰਤੀ ਵਿੱਚ ਪਹਿਲ ਦੇਣਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

––––––

## ਸੁਲਤਾਨਪੁਰ ਲੋਧੀ ਦੇ ਕਿਸਾਨਾਂ ਨੂੰ ਸਾਲ 2019 ਦੌਰਾਨ ਹੜ੍ਹਾਂ ਕਾਰਨ ਖਰਾਬ/ਤਬਾਹ ਹੋਈਆਂ ਫਸਲਾਂ ਦੇ ਮੁਆਵਜੇ ਦੀ ਅਦਾਇਗੀ ਦੇਣਾ

***127. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਜਿਲ੍ਹਾ ਕਪੂਰਥਲਾ ਦੀ ਤਹਿਸੀਲ ਸੁਲਤਾਨਪੁਰ ਲੋਧੀ ਦੇ ਉਨ੍ਹਾਂ ਕਿਸਾਨਾਂ ਨੂੰ ਮੁਆਵਜੇ ਦੀ ਅਦਾਇਗੀ ਕਰ ਦਿੱਤੀ ਗਈ ਹੈ, ਜਿਨ੍ਹਾਂ ਦੀਆਂ ਫਸਲਾਂ ਸਾਲ 2019 ਦੌਰਾਨ ਹੜ੍ਹਾਂ ਕਾਰਨ ਖਰਾਬ/ਤਬਾਹ ਹੋ ਗਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

ਅ) ਕੀ ਉਕਤ ਖੇਤਰ ਦੇ ਕੁੱਝ ਕਿਸਾਨਾਂ ਵੱਲੋਂ ਅਯੋਗ ਵਿਅਕਤੀਆਂ ਨੂੰ ਅਜਿਹੀਆਂ ਅਦਾਇਗੀਆਂ ਕਰਨ ਸਬੰਧੀ ਕੋਈ ਸ਼ਿਕਾਇਤ ਵੀ ਪ੍ਰਾਪਤ ਹੋਈ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਉੱਤੇ ਕੀ ਕਾਰਵਾਈ ਕੀਤੀ ਗਈ ਹੈ?

––––––

## ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਦੇ ਕਿਸਾਨਾਂ ਦੇ ਸਹਿਕਾਰੀ ਬੈਂਕਾਂ ਤੋਂ ਲਏ ਕਰਜ਼ੇ ਮੁਆਫ ਕਰਨਾ

***129. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ਿਲ੍ਹਾ ਕਪੂਰਥਲਾ ਦੀਆਂ ਤਹਿਸੀਲਾਂ ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਵਿੱਚ ਵੱਖਰੇ-ਵੱਖਰੇ ਤੌਰ ਤੇ ਉਨ੍ਹਾਂ ਕਿਸਾਨਾਂ ਦੀ ਗਿਣਤੀ ਅਤੇ ਕਰਜ਼ੇ ਦੀ ਰਾਸ਼ੀ ਕਿੰਨੀ ਹੈ ਜਿਨ੍ਹਾਂ ਦੁਆਰਾ ਸਹਿਕਾਰੀ (Co-operative) ਬੈਂਕਾਂ ਤੋਂ ਕਰਜ਼ੇ ਲਏ ਗਏ ਜਿਹੜੇ ਕਿ ਪਿਛਲੀ ਸਰਕਾਰ ਦੇ ਕਾਰਜ ਕਾਲ ਦੌਰਾਨ ਮੁਆਫ ਕੀਤੇ ਗਏ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਜਿਹੀਆਂ ਕਿੰਨੀਆਂ ਅਰਜੀਆਂ ਹਨ ਜੋ ਅਜੇ ਤੱਕ ਸਰਕਾਰ ਕੋਲ ਲੰਬਿਤ ਪਈਆਂ ਹਨ ਅਤੇ ਇਹਨਾਂ ਦੇ ਕਰਜੇ ਕਦੋਂ ਤੱਕ ਮੁਆਫ ਕਰ ਦਿੱਤੇ ਜਾਣਗੇ?

\-\-\-\-\-\-

## ਹਲਕਾ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਪੈਂਦੇ ਸਰਕਾਰੀ ਸਕੂਲਾਂ ਦੀਆਂ ਮੰਨਜ਼ੂਰਸ਼ੁਦਾ ਅਸਾਮੀਆਂ

***130. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਪੈਂਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਮੰਨਜ਼ੂਰਸ਼ੁਦਾ ਅਸਾਮੀਆਂ ਹਨ; ਇਸ ਸਮੇਂ ਕਿੰਨੀਆਂ ਅਸਾਮੀਆਂ ਭਰੀਆਂ ਹਨ ਅਤੇ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

\-\-\-\-\-\-

## ਸਰਕਾਰੀ ਹਸਪਤਾਲ ਬੰਗਾ ਦੀਆਂ ਮੰਨਜ਼ੂਰਸ਼ੁਦਾ ਅਸਾਮੀਆਂ

***133. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਹਸਪਤਾਲ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਡਾਕਟਰਾਂ, ਪੈਰਾਮੈਡੀਕਲ ਅਤੇ ਦਰਜ਼ਾ ਚਾਰ ਸਟਾਫ ਦੀਆਂ ਕਿੰਨੀਆਂ-ਕਿੰਨੀਆਂ ਮੰਨਜ਼ੂਰਸ਼ੁਦਾ ਅਸਾਮੀਆਂ ਹਨ; ਇਸ ਵੇਲੇ ਕਿੰਨੀਆਂ ਅਸਾਮੀਆਂ ਭਰੀਆ ਹੋਈਆਂ ਹਨ ਅਤੇ ਕਿੰਨੀਆਂ ਅਸਾਮੀਆਂ ਕਿੰਨੇ ਸਮੇਂ ਤੋਂ ਖਾਲੀ ਪਈਆਂ ਹਨ; ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

-------

## ਐਡਵੋਕੇਟ ਜਨਰਲ, ਪੰਜਾਬ ਦੇ ਦਫਤਰ ਵਿੱਚ ਲਾਅ ਅਫਸਰਾਂ ਦੀਆਂ ਨਿਯੁਕਤੀਆਂ ਵਿੱਚ ਐਸ.ਸੀ. ਅਤੇ ਬੀ.ਸੀ. ਲਈ ਰਾਖਵੇਂਕਰਨ ਦੀ ਪਾਲਿਸੀ

***134. (ਸੀ.ਯੂ.) 1. ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.)**

**2. ਸਰਦਾਰ. ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.)**

**3. ਡਾ. ਰਾਜ ਕੁਮਾਰ, ਚੱਬੇਵਾਲ, ਐਮ.ਐਲ.ਏ.):-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਐਡਵੋਕੇਟ ਜਨਰਲ, ਪੰਜਾਬ ਦੇ ਦਫਤਰ ਵਿੱਚ ਵੱਖ-ਵੱਖ ਕੈਟਾਗਰੀ ਦੇ ਲਾਅ ਅਫਸਰਾਂ ਦੀਆਂ ਨਿਯੁਕਤੀਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਸਰਕਾਰ ਦੀ ਰਾਖਵਾਂਕਰਨ ਪਾਲਿਸੀ ਲਾਗੂ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਇਸ ਸਮੇਂ ਵੱਖ-ਵੱਖ ਕੈਟਾਗਰੀ ਦੇ ਕੰਮ ਕਰ ਰਹੇ ਲਾਅ ਅਫਸਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਵਿੱਚੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲਾਅ ਅਫਸਰਾਂ ਦੀ ਗਿਣਤੀ ਕਿੰਨੀ-ਕਿੰਨੀ ਹੈ, ਵੇਰਵੇ ਸਹਿਤ ਦੱਸਿਆ ਜਾਵੇ ਅਤੇ ਜੇਕਰ ਨਹੀਂ ਤਾਂ ਕੀ ਸਰਕਾਰ ਇਨ੍ਹਾਂ ਨਿਯੁਕਤੀਆਂ ਵਿੱਚ ਰਾਖਵਾਂਕਰਨ ਪਾਲਿਸੀ ਨੂੰ ਲਾਗੂ ਕਰਨ ਬਾਰੇ ਕਿਸੇ ਤਜਵੀਜ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ਵੇਰਵੇ ਸਹਿਤ ਦੱਸਿਆ ਜਾਵੇ;

ੲ) ਕੀ ਪੰਜਾਬ ਸਰਕਾਰ ਨੇ ਪੰਜਾਬ ਐਡਵੋਕੇਟ ਜਨਰਲ ਦੇ ਦਫਤਰ ਵਿੱਚ ਲਾਅ ਅਫਸਰਾਂ ਦੀਆਂ ਅਸਾਮੀਆਂ ਲਈ ਇਸ਼ਤਿਹਾਰ ਜਾਰੀ ਕੀਤੇ ਹਨ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਅਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ ਹੈ ਅਤੇ ਕੀ ਇਨ੍ਹਾਂ ਵਿੱਚ ਰਾਖਵੀਂ ਸ਼੍ਰੇਣੀ ਲਈ ਅਸਾਮੀਆਂ ਰਾਖਵੀਂਆਂ ਰੱਖੀਆਂ ਗਈਆਂ ਹਨ; ਵੇਰਵੇ ਦਿੱਤੇ ਜਾਣ?

-------

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਵਸ ਦੇ ਮੌਕੇ ਤੇ ਸੂਬੇ ਦੇ ਹਰ ਪਿੰਡ ਵਿੱਚ 550-550 ਰੁੱਖ ਲਗਾਉਣਾ

***135. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਦੇ ਮੌਕੇ ਤੇ ਸੂਬੇ ਦੇ ਹਰ ਇੱਕ ਪਿੰਡ ਵਿੱਚ 550-550 ਰੁੱਖ ਲਗਾਉਣ ਦਾ ਟੀਚਾ ਮਿੱਥਿਆ ਸੀ; ਜੇਕਰ ਅਜਿਹਾ ਹੋਵੇ ਤਾਂ ਰਾਜ ਦੀਆਂ ਕਿੰਨੀਆਂ ਪੰਚਾਇਤਾਂ ਵੱਲੋਂ ਟੀਚਾ ਪੂਰਾ ਕਰ ਲਿਆ ਗਿਆ ਹੈ ਅਤੇ ਇਨ੍ਹਾਂ ਰੁੱਖਾਂ ਵਿੱਚੋਂ ਕਿੰਨੇ ਸੁਰੱਖਿਅਤ ਹਨ, ਅਤੇ ਇਨ੍ਹਾਂ ਰੁੱਖਾਂ ਦੇ ਪਾਲਣ-ਪੋਸ਼ਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

-------

## ਸਿੱਖਿਆ ਵਿਭਾਗ ਪੰਜਾਬ ਵਿੱਚ ਕੰਟਰੇਕਟ ਟੀਚਿੰਗ ਅਤੇ ਨਾਨ ਟੀਚਿੰਗ ਅਧਿਅਪਾਕਾਂ/ਕਰਮਚਾਰੀਆਂ ਨੂੰ ਰੈਗੁਲਰ ਕਰਨਾ

***136. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਿੱਖਿਆ ਵਿਭਾਗ ਵਿੱਚ ਇਸ ਵੇਲੇ ਕਿੰਨੇ ਟੀਚਿੰਗ ਅਤੇ ਨਾਨ ਟੀਚਿੰਗ ਅਧਿਆਪਕ/ਕਰਮਚਾਰੀ ਕੰਟਰੇਕਟ ਤੇ ਸੇਵਾ ਨਿਭਾ ਰਹੇ ਹਨ ਅਤੇ ਇਨ੍ਹਾਂ ਨੂੰ ਕਿੰਨੀ-ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੀ ਕਿਸੇ ਤਜਵੀਜ਼ ਤੇ ਸਰਕਾਰ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ, ਵੇਰਵੇ ਸਹਿਤ ਦੱਸਿਆ ਜਾਵੇ?

-------

**ਮੌਜੂਦਾ ਸਰਕਾਰ ਦੁਆਰਾ ਸ਼੍ਰੇਣੀਵਾਰ ਸਰਕਾਰੀ ਨੌਕਰੀਆਂ ਦੀ ਭਰਤੀ ਦੇ ਵੇਰਵੇ**

***138. (ਸੀ.ਯੂ.) ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੌਜੂਦਾ ਸਰਕਾਰ ਦੁਆਰਾ ਸ਼੍ਰੇਣੀ–ਵਾਰ ਕੁੱਲ ਕਿੰਨੀਆਂ ਸਰਕਾਰੀ ਨੌਕਰੀਆਂ ਦੀ ਭਰਤੀ ਕੀਤੀ ਗਈ ਹੈ ਅਤੇ ਸ਼੍ਰੇਣੀ–ਵਾਰ ਉਕਤ ਕਿੰਨੀਆਂ ਸਰਕਾਰੀ ਨੌਕਰੀਆਂ ਲਈ ਇਸ਼ਤਿਹਾਰ ਜਾਰੀ ਕੀਤੇ ਗਏ?

––––––

**ਕਿਸਾਨ ਅੰਦੋਲਨ ਦੌਰਾਨ ਜਾਨਾਂ ਗੁਆਉਣ ਵਾਲੇ ਪੰਜਾਬ ਨਾਲ ਸਬੰਧਤ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ**

***139. (ਸੀ.ਯੂ.) ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਦਿਲੀ ਦੀਆ ਸਰਹੱਦਾਂ ਤੇ ਕਿਸਾਨ ਅੰਦੋਲਨ ਦੇ ਦੌਰਾਨ ਜਾਨਾਂ ਗੁਆਉਣ ਵਾਲੇ ਪੰਜਾਬ ਨਾਲ ਸਬੰਧਤ ਕਿਸਾਨਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਹਰੇਕ ਕੇਸ ਵਿੱਚ ਮ੍ਰਿਤਕ ਕਿਸਾਨ ਦੇ ਪਰਿਵਾਰਾਂ ਨੂੰ ਦਿੱਤੀ ਗਈ ਐਕਸਗ੍ਰੇਸ਼ੀਆ ਗਰਾਂਟ ਦੀ ਰਾਸ਼ੀ ਕਿੰਨੀ ਹੈ ਅਤੇ ਉਕਤ ਜਾਰੀ ਕੀਤੀ ਗਈ ਰਾਸ਼ੀ ਦੀ ਮਿਤੀ ਕੀ ਹੈ;

ੲ) ਕੀ ਸਰਕਾਰ ਨੇ ਉਪਰੋਕਤ ਭਾਗ (ਅ) ਵਿੱਚ ਵਰਣਿਤ ਪਰਿਵਾਰਾਂ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇ ਦਿੱਤੀ ਹੈ ਅਤੇ ਹਰੇਕ ਕੇਸ ਵਿੱਚ ਜਾਰੀ ਕੀਤੇ ਗਏ ਨਿਯੁਕਤੀ ਪੱਤਰਾਂ ਦੀ ਮਿਤੀ ਕੀ ਹੈ?

––––––

**ਭ੍ਰਿਸ਼ਟਾਚਾਰ ਵਿਰੁੱਧ ਜਾਰੀ ਕੀਤੇ ਗਏ ਨੰਬਰ ਤੇ ਦਰਜ ਸ਼ਿਕਾਇਤਾਂ ਤੇ ਕੀਤੀ ਕਾਰਵਾਈ ਦੇ ਵੇਰਵੇ**

***140. (ਸੀ.ਯੂ.) 1. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.)**

**2. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਐਮ.ਐਲ.ਏ.)**

**3. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ) :–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸਰਕਾਰ ਦੁਆਰਾ ਭ੍ਰਿਸ਼ਟਾਚਾਰ ਵਿਰੁਧ ਜਾਰੀ ਕੀਤੇ ਗਏ ਨੰਬਰ ਤੇ ਦਰਜ ਸ਼ਿਕਾਇਤਾਂ ਦੀ ਕੁੱਲ ਗਿਣਤੀ ਅਤੇ ਇਨ੍ਹਾਂ ਸ਼ਿਕਾਇਤਾਂ ਦੇ ਆਧਾਰ ਤੇ ਦੋਸ਼ੀ ਵਿਅਕਤੀਆਂ ਵਿਰੁੱਧ ਦਰਜ ਕੀਤੇ ਗਏ ਕੁੱਲ ਕੇਸਾਂ ਦੀ ਗਿਣਤੀ ਕਿੰਨੀ ਹੈ;

ਅ) ਉਪਰੋਕਤ ਸਾਰੀਆਂ ਸ਼ਿਕਾਇਤਾਂ ਤੇ ਕੀ ਕਾਰਵਾਈ ਕੀਤੀ ਗਈ ਅਤੇ ਕੇਸਾਂ ਦੀ ਮੌਜੂਦਾ ਸਥਿਤੀ ਕੀ ਹੈ?

–––––––

**ਸੀ.ਐੱਚ.ਸੀ. ਦਾਦਾ ਕਲੋਨੀ, ਜਲੰਧਰ ਦੀਆਂ ਮੰਨਜ਼ੂਰਸ਼ੁਦਾ ਅਸਾਮੀਆਂ**

***142. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਸੀ.ਐਚ.ਸੀ. ਦਾਦਾ ਕਲੌਨੀ, ਜਲੰਧਰ ਵਿਖੇ ਸ਼੍ਰੇਣੀਵਾਰ ਮੰਨਜੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਅਤੇ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ; ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ;

ਅ) ਕੀ ਉਪਰੋਕਤ ਸੀ.ਐਚ.ਸੀ. ਵਿੱਚ ਸਰਕਾਰੀ ਮਾਪਦੰਡਾਂ ਅਨੁਸਾਰ ਲੋੜੀਂਦੇ ਬੁਨਿਆਦੀ ਢਾਂਚੇ ਅਤੇ ਮਸ਼ੀਨਰੀ ਪੂਰੀ ਹੈ; ਜੇਕਰ ਨਹੀਂ ਤਾਂ ਇਸ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

–––––––

**ਸਾਲ 2021-2022 ਅਤੇ ਅਪ੍ਰੈਲ, ਮਈ 2022 ਦੇ ਮਹੀਨਿਆਂ ਵਿੱਚ ਸ਼ਰਾਬ ਦੇ ਠੇਕਿਆਂ ਤੋਂ ਸਿੱਖਿਆ ਸੈੱਸ ਸਮੇਤ ਇਕੱਤਰ ਕੀਤੀ ਆਮਦਨ ਦੇ ਵੇਰਵੇ**

***143. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2021-2022 ਅਤੇ ਅਪ੍ਰੈਲ, ਮਈ 2022 ਦੇ ਮਹੀਨਿਆਂ ਵਿੱਚ ਸ਼ਰਾਬ ਦੇ ਠੇਕਿਆਂ ਤੋਂ ਇਕੱਤਰ ਹੋਏ ਸਿੱਖਿਆ ਸੈੱਸ ਸਮੇਤ ਕੁੱਲ੍ਹ ਕਿੰਨੀ ਆਮਦਨ ਹੋਈ;

ਅ) ਇਸ ਵਿੱਚੋਂ ਸਿੱਖਿਆ ਸੈੱਸ ਦੇ ਰੂਪ ਵਿੱਚ ਦਿੱਤੀ ਗਈ ਰਾਸ਼ੀ ਕਿੰਨੀ ਹੈ ਅਤੇ ਉੱਕਤ ਰਾਸ਼ੀ ਕਿਸ ਮੰਤਵ ਲਈ ਵਰਤੀ ਗਈ ਹੈ?

-------

**ਸਿਵਲ ਹਸਪਤਾਲ ਜਲੰਧਰ ਦੀਆਂ ਮੋਬਾਇਲ ਯੂਨਿਟ ਗੱਡੀਆਂ/ਵੈਨਾਂ ਦੇ ਵੇਰਵੇ**

***146. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਜਲੰਧਰ ਕੋਲ ਮਰੀਜਾਂ ਨੂੰ ਵੱਖ-ਵੱਖ ਥਾਂਵਾਂ ਤੋਂ ਲਿਆਉਣ ਤੇ ਛੱਡਣ ਲਈ ਆਧੁਨਿਕ ਸਾਜੋ-ਸਮਾਨ ਨਾਲ ਲੈਸ ਮੋਬਾਇਲ ਯੂਨਿਟ ਗੱਡੀਆਂ ਉਪਲਬਧ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਸਿਵਲ ਹਸਪਤਾਲ ਜਲੰਧਰ ਵਿਖੇ ਉਪਲਬਧ ਵੈਨਾਂ ਦੀ ਗਿਣਤੀ ਕਿੰਨੀ ਹੈ;

ੲ) ਹਰ ਵੈਨ ਵਿੱਚ ਜਨਵਰੀ 2022 ਤੋਂ ਮਈ 2022 ਤੱਕ ਕਿੰਨੇ ਮਰੀਜਾਂ ਨੂੰ ਲਿਜਾਇਆ ਗਿਆ ਹੈ ਅਤੇ ਹਰੇਕ ਵੈਨ ਵਿੱਚ ਉਪਲਬਧ ਸਾਜੋ-ਸਮਾਨ ਦੇ ਵੇਰਵੇ ਦਿੱਤੇ ਜਾਣ?

-------

## ਰਾਜ ਦੇ ਸਕੂਲਾਂ ਦੀਆਂ ਅਸੁਰੱਖਿਅਤ ਇਮਾਰਤਾਂ/ਕਮਰਿਆਂ ਦੀ ਮੁੜ ਉਸਾਰੀ ਕਰਵਾਉਣਾ

***147. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਅਜਿਹੇ ਸਕੂਲਾਂ ਦੀਆਂ ਇਮਾਰਤਾਂ/ਕਮਰਿਆਂ ਦੀ ਜ਼ਿਲ੍ਹੇਵਾਰ ਗਿਣਤੀ ਕਿੰਨੀ ਹੈ, ਜਿਹੜੇ ਕਿ ਸਾਲ 2018-19 ਵਿੱਚ ਅਤੇ 2021-22 ਵਿੱਚ ਅਸੁਰੱਖਿਅਤ ਘੋਸ਼ਿਤ ਕੀਤੇ ਗਏ;

ਅ) ਕੀ ਸਰਕਾਰ ਦਾ ਇਹਨਾਂ ਇਮਾਰਤਾਂ/ਕਮਰਿਆਂ ਦੀ ਮੁੜ-ਉਸਾਰੀ ਕਰਵਾਉਣ ਦਾ ਕੋਈ ਟੀਚਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਹੋ ਜਾਣ ਦੀ ਸੰਭਾਵਨਾ ਹੈ?

-------

## ਸਿਹਤ ਵਿਭਾਗ ਦੀ ਇਮਾਰਤ ਪੁਲਿਸ ਵਿਭਾਗ ਤੋਂ ਖਾਲੀ ਕਰਵਾਉਣਾ

***148. (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਹਤ ਵਿਭਾਗ ਦੀ ਮਾਲਕੀ ਵਾਲੀ ਇਮਾਰਤ ਪੁਲਿਸ ਸਟੇਸ਼ਨ, ਮਕਸੂਦਾਂ, ਜਲੰਧਰ ਦਿਹਾਤੀ ਦੇ ਗੈਰ ਕਾਨੂੰਨੀ ਕਬਜੇ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਇਮਾਰਤ ਪੁਲਿਸ ਵਿਭਾਗ ਵੱਲੋਂ ਕਦੋਂ ਤੱਕ ਖਾਲੀ ਕਰ ਦਿੱਤੀ ਜਾਵੇਗੀ?

-------

## ਪੰਜਾਬ ਸਰਕਾਰ ਦੀ ਨੌਕਰੀ ਲੈਣ ਲਈ ਮੈਟ੍ਰਿਕ ਪੱਧਰ ਤੱਕ ਪੰਜਾਬੀ ਦਾ ਪਾਸ ਹੋਣਾ ਲਾਜ਼ਮੀ ਕਰਨਾ

***151. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਦੀ ਨੌਕਰੀ ਲੈਣ ਲਈ ਮੈਟ੍ਰਿਕ ਪੱਧਰ ਤੱਕ ਪੰਜਾਬੀ ਦਾ ਪਾਸ ਹੋਣਾ ਲਾਜ਼ਮੀ ਹੈ ਅਤੇ ਕੀ ਇਹ ਵੀ ਠੀਕ ਹੈ ਕਿ ਉਮੀਦਵਾਰਾਂ ਨੂੰ ਸਰਕਾਰੀ ਨੌਕਰੀ ਵਿੱਚ ਆਉਣ ਤੋਂ ਬਾਅਦ ਛੇ ਮਹੀਨਿਆਂ ਦੇ ਅੰਦਰ-ਅੰਦਰ ਪੰਜਾਬੀ ਪਾਸ ਕਰਨ ਦੀ ਆਗਿਆ ਵੀ ਦਿੱਤੀ ਜਾਂਦੀ ਹੈ;

ਅ) ਕੀ ਸਰਕਾਰ ਉਪਰੋਕਤ (ੳ) ਵਿੱਚ ਵਰਣਿਤ ਸਰਕਾਰੀ ਨੌਕਰੀ ਵਿੱਚ ਆਉਣ ਤੋਂ ਬਾਅਦ ਛੇ ਮਹੀਨਿਆਂ ਦੇ ਅੰਦਰ-ਅੰਦਰ ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਕਰਨ ਦੇ ਇਸ ਵਿਕਲਪ ਨੂੰ ਹਟਾਉਣ ਬਾਰੇ ਵਿਚਾਰ ਕਰੇਗੀ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

-------

## ਐਨ.ਓ.ਸੀ. ਨਾਂ ਹੋਣ ਕਾਰਨ ਨਵੀਆਂ ਰਜਿਸਟਰੀਆਂ ਰੋਕਣਾ

***152. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਸ਼ਹਿਰੀ ਇਲਾਕਿਆਂ ਵਿੱਚ ਪੁਰਾਣੀਆਂ ਜਾਇਦਾਦਾਂ ਦੀਆਂ ਐਨ.ਓ.ਸੀ ਨਾ ਹੋਣ ਕਾਰਨ ਨਵੀਆਂ ਰਜਿਸਟਰੀਆਂ ਰੁਕੀਆਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਸ਼ਹਿਰੀ ਵਸਨੀਕਾਂ ਨੂੰ ਹੋ ਰਹੀ ਇਸ ਸਮੱਸਿਆ ਨੂੰ ਰੋਕਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

-------

**ਨਗਰ ਪੰਚਾਇਤ ਬੇਗੋਵਾਲ ਦੇ ਸੀਵਰੇਜ ਦੀ ਰਿਪੇਅਰ ਕਰਨਾ**

***153. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਪੰਚਾਇਤ ਬੇਗੋਵਾਲ ਵਿੱਚ ਪਾਏ ਗਏ ਸੀਵਰੇਜ ਦੇ ਨਕਾਰਾ ਹੋਣ ਕਾਰਨ ਇਸਦੀ ਰਿਪੇਅਰ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਇਸ ਉੱਪਰ ਸੰਭਾਵਿਤ ਕਿੰਨਾ ਖਰਚਾ ਆਉਣ ਦੀ ਸੰਭਾਵਨਾ ਹੈ?

———

**ਪੀੜਤ ਪਰਿਵਾਰ ਨੂੰ ਮੁਆਵਜਾ/ਸਰਕਾਰੀ ਨੌਕਰੀ ਦੇਣਾ**

***155. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਪੁਲਿਸ ਦੇ ਇੱਕ ਏ.ਐਸ.ਆਈ ਵੱਲੋਂ ਮਿਤੀ 8 ਮਈ 2020 ਨੂੰ ਕਤਲ ਕੀਤੇ ਗਏ ਪਿੰਡ ਲੱਖਣ ਕੇ ਪੱਡੇ ਦੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਪੱਡਾ ਦੇ ਪਰਿਵਾਰ ਨੂੰ ਕਿਸੇ ਪ੍ਰਕਾਰ ਦਾ ਮੁਆਵਜਾ ਜਾਂ ਸਰਕਾਰੀ ਨੌਕਰੀ ਦਿੱਤੇ ਜਾਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

———

**ਹਲਕਾ ਭੁਲੱਥ ਦੇ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਨੂੰ ਅੱਪਗ੍ਰੇਡ ਕਰਨਾ**

***156. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਭੁਲੱਥ ਦੇ ਢਿਲਵਾਂ, ਨੰਗਲ ਲੁਬਾਣਾ ਅਤੇ ਰਾਮਗੜ ਦੇ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਇਸ ਉੱਪਰ ਕੁੱਲ ਕਿੰਨੀ ਲਾਗਤ ਆਵੇਗੀ?

———

## ਡੇਰਾ ਬੱਲਾਂ ਦੀ "ਸ਼੍ਰੀ ਗੁਰੂ ਰਵੀਦਾਸ ਬਾਣੀ ਸਿੱਖਿਆ ਕਮੇਟੀ" ਨੂੰ ਦਿੱਤੀ ਗਈ 50 ਕਰੋੜ ਰੁਪਏ ਦੀ ਗ੍ਰਾਂਟ

***157. (ਸੀ.ਯੂ.) ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਵਿੱਤ ਅਤੇ ਯੋਜਨਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਦੁਆਰਾ ਡੇਰਾ ਬੱਲਾਂ ਦੀ "ਸ਼੍ਰੀ ਗੁਰੂ ਰਵੀਦਾਸ ਬਾਣੀ ਸਿੱਖਿਆ ਕਮੇਟੀ" ਨੂੰ 50 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਗਈ ਸੀ, ਜਿਸ ਵਿੱਚੋਂ ਅਜੇ 25 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨਾ ਬਾਕੀ ਹੈ; ਜੇਕਰ ਅਜਿਹਾ ਹੋਵੇ ਤਾਂ ਬਕਾਇਆ ਰਾਸ਼ੀ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ?

-------

## ਹਲਕਾ ਦਸੂਹਾ ਦੀਆਂ ਆਯੂਰਵੈਦਿਕ ਡਿਸਪੈਂਸਰੀਆਂ ਵਿੱਚ ਖਾਲੀ ਅਸਾਮੀਆਂ

***160. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

ੳ) ਵਿਧਾਨ ਸਭਾ ਹਲਕਾ ਦਸੂਹਾ ਹੁਸ਼ਿਆਰਪੁਰ ਦੀਆਂ ਆਯੂਰਵੈਦਿਕ ਡਿਸਪੈਂਸਰੀਆਂ ਵਿੱਚ ਮੰਨਜੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ;

ਅ) ਉਪਰੋਕਤ ਦਰਸਾਈਆਂ ਡਿਸਪੈਂਸਰੀਆਂ ਵਿੱਚੋਂ ਕਿੰਨੀਆਂ ਦੀ ਹਾਲਤ ਠੀਕ ਨਹੀਂ ਹੈ ਅਤੇ ਸਾਜੋ-ਸਮਾਨ ਦੀ ਘਾਟ ਹੈ; ਇਨ੍ਹਾਂ ਖਰਾਬ ਹਾਲਤ ਡਿਸਪੈਂਸਰੀਆਂ ਨੂੰ ਕਦੋਂ ਤੱਕ ਠੀਕ ਕਰਕੇ ਸਾਜੋ-ਸਮਾਨ ਮੁਹੱਈਆ ਕਰਵਾ ਦਿੱਤਾ ਜਾਵੇਗਾ?

-------

**ਪਰਲ ਅਤੇ ਕਿਮ ਕੰਪਨੀ ਤੇ ਕੇਸ ਰਜ਼ਿਸਟਰਡ ਕਰਨਾ**

***161. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਰਲ ਅਤੇ ਕਿਮ ਕੰਪਨੀ ਦੁਆਰਾ ਬਹੁਤ ਸਾਰੇ ਲੋਕਾਂ ਨਾਲ ਠੱਗੀ ਮਾਰ ਕੇ ਪੈਸੇ ਲਏ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਕਿੰਨੇ ਕੇਸ ਰਜਿਸਟਰਡ ਕੀਤੇ ਗਏ ਹਨ;

ਅ) ਠੱਗੀ ਦੇ ਸ਼ਿਕਾਰ ਹੋਏ ਲੋਕਾਂ ਨੂੰ ਉਨ੍ਹਾਂ ਦੀ ਰਕਮ ਵਾਪਸ ਕਰਵਾਉਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

-------

**ਹਲਕਾ ਦਸੂਹਾ ਵਿਖੇ ਕੰਡੀ ਏਰੀਏ ਵਿੱਚ ਲਿਫਟ ਇਰੀਗੇਸ਼ਨ ਸਕੀਮ ਮੰਨਜ਼ੂਰ ਕਰਨਾ**

***162. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ (ਹੁਸ਼ਿਆਰਪੁਰ) ਵਿਖੇ ਕੰਡੀ ਏਰੀਏ ਵਿੱਚ ਲਿਫਟ ਇਰੀਗੇਸ਼ਨ ਸਕੀਮ ਮੰਨਜੂਰ ਹੋਈ ਹੈ; ਜੇਕਰ ਹਾਂ ਤਾਂ ਇਸਦੇ ਵੇਰਵੇ ਦਿੱਤੇ ਜਾਣ?

-------

**ਹਲਕਾ ਦਸੂਹਾ ਹੁਸਿਆਰਪੁਰ ਵਿਖੇ ਸਰਕਾਰੀ ਕਾਲਜ਼ ਖੋਲਣਾ**

***165. (ਸੀ.ਯੂ.) ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਦਸੂਹਾ ਹੁਸ਼ਿਆਰਪੁਰ ਵਿਖੇ ਸਰਕਾਰੀ ਕਾਲਜ਼ ਖੋਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਸਰਕਾਰੀ ਕਾਲਜ਼ ਬਣਾ ਦਿੱਤਾ ਜਾਵੇਗਾ?

-------

**ਵੱਖ-ਵੱਖ ਸ੍ਰੋਤਾਂ ਤੋ ਇਕੱਠੇ ਕੀਤੇ ਮਾਲੀਏ ਦੇ ਵੇਰਵੇ**

***168. (ਸੀ.ਯੂ.) ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.:-** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਵੱਖ-ਵੱਖ ਸ੍ਰੋਤਾਂ ਤੋਂ 1 ਅਪ੍ਰੈਲ,2022 ਤੋਂ ਹੁਣ ਤੱਕ ਕੁੱਲ ਕਿੰਨਾ ਮਾਲੀਆ ਇੱਕਠਾ ਕੀਤਾ ਗਿਆ ਅਤੇ ਇਨ੍ਹਾਂ ਦੇ ਮੱਦ-ਵਾਰ ਵੇਰਵੇ ਕੀ ਹਨ?

-------

**ਰਾਜ ਵਿੱਚ 10 ਮਾਰਚ,2022 ਤੋਂ ਹੁਣ ਤੱਕ ਦਰਜ ਕੀਤੇ ਕਤਲ ਦੇ ਕੇਸਾਂ ਦੀ ਮੌਜੂਦਾ ਸਥਿਤੀ**

***169. (ਸੀ.ਯੂ.) 1. ਡਾ. ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.)**

**2. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.) :-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿਛਲੇ ਦੋ ਮਹੀਨਿਆਂ ਦੇ ਦੋਰਾਨ ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਬਣਾਏ ਰੱਖਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ;

ਅ) ਰਾਜ ਵਿੱਚ 10 ਮਾਰਚ, 2022 ਤੋਂ ਹੁਣ ਤੱਕ ਦਰਜ ਕੀਤੇ ਗਏ ਕਤਲ ਕੇਸਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਕੇਸਾਂ ਦੀ ਕੇਸ-ਵਾਰ ਮੌਜੂਦਾ ਸਥਿਤੀ ਕੀ ਹੈ?

-------

## ਆਦਮਪੁਰ (ਐਨ.ਸੀ) ਦੇ ਅੰਦਰਲੀ ਐਲੀਵੇਟਿਡ ਸੜਕ ਦੇ ਨਿਰਮਾਣ ਦੀ ਮੌਜੂਦਾ ਸਥਿਤੀ

***171. (ਸੀ.ਯੂ.) ਸਰਦਾਰ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਜਲੰਧਰ–ਹੁਸ਼ਿਆਰਪੁਰ ਸੜਕ ਉੱਤੇ ਆਦਮਪੁਰ (ਐਨ.ਸੀ.) ਦੇ ਅੰਦਰਲੀ ਐਲੀਵੇਟਿਡ ਸੜਕ ਦੇ ਨਿਰਮਾਣ ਦੀ ਮੌਜੂਦਾ ਸਥਿਤੀ ਕੀ ਹੈ;

ਅ) ਹੁਣ ਤੱਕ ਉਪਰੋਕਤ ਪ੍ਰਾਜੈਕਟ ਉੱਤੇ ਕਿੰਨੀ ਰਾਸ਼ੀ ਖਰਚ ਹੋਈ ਹੈ ਅਤੇ ਕਿੰਨੀ ਰਾਸ਼ੀ ਅਦਾਇਗੀ ਲਈ ਪੈਂਡਿੰਗ ਹੈ;

ੲ) ਇਸ ਦੇ ਨਿਰਮਾਣ ਵਿੱਚ ਹੋਈ ਦੇਰੀ ਦੇ ਕੀ ਕਾਰਨ ਹਨ ਅਤੇ ਇਸਦੇ ਕਦੋਂ ਤੱਕ ਪੂਰਾ ਹੋ ਜਾਣ ਦੀ ਸੰਭਾਵਨਾ ਹੈ?

––––––

## ਐਸ.ਸੀ. ਸ਼੍ਰੇਣੀ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ਦੀ ਤਰੱਕੀ ਲਈ 85ਵੀਂ ਸੰਵਿਧਾਨਿਕ ਸੋਧ ਲਾਗੂ ਕਰਨਾ

***173. (ਸੀ.ਯੂ.) 1. ਸਰਦਾਰ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.)**

**2. ਡਾ. ਨਛੱਤਰ ਪਾਲ, ਐਮ.ਐਲ.ਏ.):–** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ਦੀ ਤਰੱਕੀ ਸਬੰਧੀ 85ਵੀਂ ਸੰਵਿਧਾਨਿਕ ਸੋਧ ਨੂੰ ਲਾਗੂ ਕਰਨ ਦੀ ਸਰਕਾਰ ਦੀ ਕੀ ਕੋਈ ਤਜਵੀਜ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ?

––––––

## ਸਾਲ 2021-22 ਦੌਰਾਨ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ ਅਧੀਨ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਰਾਸ਼ੀ ਦੇ ਵੇਰਵੇ

***174. (ਸੀ.ਯੂ.) ਸਰਦਾਰ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.:-** ਕੀ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿੱਪ ਸਕੀਮ ਅਧੀਨ ਸਾਲ 2021-22 ਦੇ ਦੌਰਾਨ ਕਾਲਜਾਂ ਵਿੱਚ ਦਾਖਲ ਹੋਏ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਸਕਾਲਰਸ਼ਿੱਪ ਦੀ ਕੁੱਲ ਰਾਸ਼ੀ ਕਿੰਨੀ ਹੈ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਾਲਜ਼ਾਂ ਨੂੰ ਸਾਲ 2021-22 ਦੀ ਸਕਾਲਰਸ਼ਿੱਪ ਦੀ ਰਾਸ਼ੀ ਅਦਾ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਬਕਾਇਆ ਰਾਸ਼ੀ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਜਾਰੀ ਕਰਨ ਦੀ ਸੰਭਾਵਨਾ ਹੈ;

ੲ) ਕੀ 31 ਮਾਰਚ, 2021 ਤੋਂ ਪਹਿਲਾਂ ਤੱਕ ਉਪਰੋਕਤ ਕਾਲਜ਼ਾਂ ਦੀ ਅਦਾਇਗੀ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿੱਪ ਦੀ ਕੋਈ ਰਾਸ਼ੀ ਬਕਾਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਸਦੇ ਕਦੋਂ ਤੱਕ ਜਾਰੀ ਕਰਨ ਦੀ ਸੰਭਾਵਨਾ ਹੈ?

------

## ਆਦਮਪੁਰ (ਜਲੰਧਰ) ਵਿਖੇ ਬਾਬਾ ਸਾਹਿਬ ਅੰਬੇਦਕਰ ਜੀ ਦੇ ਨਾਂਮ ਤੇ ਡਿਗਰੀ ਕਾਲਜ਼ ਖੋਲ੍ਹਣਾ

***175. (ਸੀ.ਯੂ.) ਸਰਦਾਰ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਦਮਪੁਰ (ਜਲੰਧਰ) ਵਿਖੇ ਬਾਬਾ ਸਾਹਿਬ ਅੰਬੇਦਕਰ ਜੀ ਦੇ ਨਾਂਮ ਤੇ ਡਿਗਰੀ ਕਾਲਜ ਖੋਲਣ/ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਸ਼ੁਰੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

-------

## ਰੈਵੀਨਿਊ ਮੈਨੂਅਲ ਰਿਕਾਰਡ ਵਿੱਚ ਪੈਰਾ ਨੰ:3.13 ਬਹਾਲ ਕਰਨਾ

***177. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਰੈਵੀਨਿਊ ਮੈਨੂਅਲ ਰਿਕਾਰਡ ਵਿੱਚ ਪੈਰਾ ਨੰ 3.13 ਖਤਮ ਕਰ ਦਿੱਤਾ ਗਿਆ ਹੈ ਜਿਸ ਅਧੀਨ ਨਾਇਬ ਪਟਵਾਰੀ ਰੱਖੇ ਜਾ ਸਕਦੇ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

ਅ) ਕੀ ਸਰਕਾਰ ਉਪਰੋਕਤ ਮੈਨੂਅਲ ਵਿੱਚ ਪੈਰਾ ਨੰ: 3.13 ਮੁੜ ਬਹਾਲ ਕਰਨ ਬਾਰੇ ਵਿਚਾਰ ਕਰੇਗੀ ਤਾਂ ਜੋ ਨਾਇਬ ਪਟਵਾਰੀਆਂ ਦੀਆ ਪੋਸਟਾਂ ਮੁੜ ਬਹਾਲ ਹੋ ਸਕਣ; ਵੇਰਵੇ ਸਹਿਤ ਦੱਸਿਆ ਜਾਵੇ?

-------

## ਬੰਗਾ ਸ਼ਹਿਰ ਦੇ ਵਾਧੂ ਪਾਣੀ ਦੀ ਨਿਕਾਸੀ ਦੇ ਪ੍ਰਬੰਧ ਕਰਨਾ

***178. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਨਗਰ ਕੌਂਸਲ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਸ਼ਹਿਰ ਦੇ ਸੀਵਰੇਜ ਦੇ ਪਾਣੀ ਦੇ ਮੇਨ ਹੋਲਾਂ ਵਿੱਚ ਬੰਗਾ ਸ਼ਹਿਰ ਦੀਆਂ ਗਲੀਆਂ ਨਾਲੀਆਂ, ਬਰਸਾਤੀ ਪਾਣੀ ਅਤੇ ਹੋਰ ਗਰਾਊਂਡ ਵਾਟਰ ਸਿੱਧੇ ਤੋਰ ਤੇ ਪਾਇਆ ਹੋਇਆ ਹੈ; ਜਿਸ ਕਾਰਨ ਸੀਵਰੇਜ਼ ਦੀਆਂ ਪਾਈਪਾਂ ਵਿੱਚੋਂ ਵਾਧੂ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਸ਼ਹਿਰ ਦੇ ਸੀਵਰੇਜ਼ ਪਾਈਪ ਭਰੇ ਰਹਿੰਦੇ ਹਨ ਅਤੇ ਓਵਰ ਫਲੋਅ ਹੋ ਰਹੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਬੰਗਾ ਸ਼ਹਿਰ ਦੀ ਮੁਸੰਦਾ ਪੱਟੀ ਵਿਖੇ ਬਣੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਜਿਸ ਦੀ ਕਪੈਸਿਟੀ ਜੋ 3 ਐਮ.ਐਲ.ਡੀ. ਪਾਣੀ ਦੀ ਹੈ ਵਿੱਚ ਵਾਧਾ ਕਰਨ ਜਾ ਸ਼ਹਿਰ ਦੀਆਂ ਗਲੀਆਂ ਨਾਲੀਆਂ, ਬਰਸਾਤੀ ਪਾਣੀ ਅਤੇ ਹੋਰ ਗਰਾਉਂਡ ਵਾਟਰ ਸੀਵਜੇਜ਼ ਦੇ ਮੇਨ ਹੋਲਾਂ ਵਿੱਚ ਪਾਉਣ ਦੀ ਬਜਾਏ ਡਰੇਨਾਂ ਦੀ ਸਫਾਈ ਕਰਵਾਕੇ ਇਹ ਪਾਣੀ ਉਨ੍ਹਾਂ ਡਰੇਨਾਂ ਵਿੱਚ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਸਮੱਸਿਆ ਤੋਂ ਸ਼ਹਿਰ ਨਿਵਾਸੀਆਂ ਨੂੰ ਕਦੋਂ ਤੱਕ ਨਿਜ਼ਾਤ ਦਿਵਾ ਦਿੱਤੀ ਜਾਵੇਗੀ?

––––––

## ਬਲਾਕ ਬੰਗਾ ਅਤੇ ਬਲਾਕ ਔੜ ਦੇ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣਾ

***179. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕੀ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬੰਗਾ ਅਤੇ ਬਲਾਕ ਔੜ ਦੀ ਧਰਤੀ ਹੇਠਲਾ ਪਾਣੀ, ਪੀਣ ਯੋਗ ਨਹੀਂ ਰਿਹਾ; ਜੇਕਰ ਅਜਿਹਾ ਹੋਵੇ ਤਾਂ ਇਲਾਕੇ ਦੇ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਜਾ ਰਹੇ ਹਨ?

## ਸਰਬਤ ਸਿਹਤ ਬੀਮਾ ਯੋਜਨਾ ਅਧੀਨ ਮਰੀਜਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ

***180. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਸਰਕਾਰ ਦੁਆਰਾ ਬਕਾਏ ਦਾ ਭੁਗਤਾਨ ਨਾ ਕਰਨ ਕਰਕੇ ਆਯੂਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ (ਸਰਬਤ ਸਿਹਤ ਬੀਮਾ ਯੋਜਨਾ) ਅਧੀਨ ਸੂਚੀਬੱਧ ਕੀਤੇ ਗਏ ਬਹੁਤ ਸਾਰੇ ਨਿੱਜੀ ਹਸਪਤਾਲਾਂ ਨੇ ਐਮਰਜੈਂਸੀ ਦੀ ਸਥਿਤੀ ਵਿੱਚ ਵੀ ਮਰੀਜ਼ਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ, ਅਤੇ ਸਰਕਾਰ ਵੱਲ ਕਿੰਨੀ ਬਕਾਇਆ ਰਾਸ਼ੀ ਪੈਂਡਿੰਗ ਹੈ ਅਤੇ ਇਸ ਰਾਸ਼ੀ ਦਾ ਭੁਗਤਾਨ ਕਦੋਂ ਤੱਕ ਕਰ ਦਿੱਤਾ ਜਾਵੇਗਾ;

ਅ) ਕੀ ਸਰਕਾਰ ਨੂੰ ਅਜਿਹੇ ਹਸਪਤਾਲਾਂ ਅਤੇ ਪ੍ਰਭਾਵਿਤ ਮਰੀਜ਼ਾਂ ਵੱਲੋਂ ਇਸ ਸਬੰਧੀ ਲਿਖਤੀ ਪ੍ਰਤਿਬੇਨਤੀਆਂ ਪ੍ਰਾਪਤ ਹੋਈਆਂ ਹਨ; ਜੇਕਰ ਹਾਂ ਤਾਂ ਇਸਤੇ ਕੀ ਕਾਰਵਾਈ ਕੀਤੀ ਗਈ?

–––––––

## ਹਲਕਾ ਫਿਲੌਰ ਵਿੱਚ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਉਸਾਰੀ

***181. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਫਿਲੌਰ ਵਿੱਚ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਦਿੱਤੇ ਜਾਣ; ਜੇਕਰ ਨਹੀਂ ਤਾਂ ਕੀ ਸਰਕਾਰ ਇਸ ਤੇ ਵਿਚਾਰ ਕਰੇਗੀ?

——————

## ਹਲਕਾ ਫਿਲੌਰ ਅਧੀਨ ਪੈਂਦੇ ਹਸਪਤਾਲਾਂ/ਡਿਸਪੈਂਸਰੀਆਂ ਦੀਆਂ ਮੰਨਜ਼ੂਰਸ਼ੁਦਾ ਅਸਾਮੀਆਂ

***182. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਫਿਲੌਰ ਅਧੀਨ ਪੈਂਦੇ ਹਸਪਤਾਲਾਂ, ਸਿਹਤ ਕੇਂਦਰਾਂ, ਡਿਸਪੈਂਸਰੀਆਂ ਵਿੱਚ ਡਾਕਟਰਾਂ, ਨਰਸਾਂ, ਤਕਨੀਸ਼ੀਅਨਾਂ ਅਤੇ ਹੋਰ ਅਸਾਮੀਆਂ ਦੀਆਂ ਸ਼੍ਰੇਣੀਵਾਰ ਅਤੇ ਗਰੁੱਪ ਵਾਰ ਕੁੱਲ ਗਿਣਤੀ ਕਿੰਨੀ ਹੈ ਅਤੇ ਮੌਜੂਦਾ ਸਮੇਂ ਵਿੱਚ ਖਾਲੀ ਪਈਆਂ ਅਸਾਮੀਆ ਦੀ ਗਿਣਤੀ ਕਿੰਨੀ ਹੈ;

ਅ) ਸਰਕਾਰ ਵੱਲੋਂ ਉਪਰੋਕਤ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰਨ ਦੀ ਸੰਭਾਵਨਾ ਹੈ?

——————

## ਪੰਜਾਬ ਦੀਆਂ ਨਦੀਆਂ ਦੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ

***183. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਾਇੰਸ ਤਕਨਾਲੋਜੀ ਅਤੇ ਵਾਤਾਵਰਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪੰਜਾਬ ਵਿੱਚ ਨਦੀ ਦੇ ਪਾਣੀ ਦੇ ਦੂਸ਼ਿਤ ਹੋਣ ਦਾ ਪੱਧਰ ਕੀ ਹੈ ਅਤੇ ਨਦੀਆਂ ਵਿੱਚ ਵਹਿ ਰਹੇ ਪ੍ਰਦੂਸ਼ਨਾਂ ਦੇ ਸਰੋਤ ਅਤੇ ਕਿਸਮਾਂ ਕੀ ਹਨ;

ਅ) ਸਰਕਾਰ ਦੁਆਰਾ ਨਦੀਆਂ ਨੂੰ ਸਾਫ ਕਰਨ ਅਤੇ ਓਹਨਾਂ ਵਿੱਚ ਵਹਿ ਰਹੇ ਪ੍ਰਦੂਸ਼ਕਾਂ ਨੂੰ ਰੋਕਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

–––––––

## ਸਰਕਾਰ ਦੀ ਕਬਜ਼ੇ ਹਟਾਉਣ ਦੀ ਮਹਿਮ ਨਾਲ ਬੇਘਰ ਹੋਏ ਪਰਿਵਾਰਾਂ ਨੂੰ ਮੁੜ ਵਸਾਉਣਾ

***186. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪਿਛਲੇ ਤਿੰਨ ਮਹੀਨਿਆਂ ਵਿੱਚ ਸਰਕਾਰੀ ਜਮੀਨਾਂ ਤੋਂ ਗੈਰ ਕਾਨੂੰਨੀ ਅਤੇ ਨਜਾਇਜ਼ ਕਬਜ਼ੇ ਹਟਾਉਣ ਨਾਲ ਬੇਘਰ ਹੋਏ ਪਰਿਵਾਰਾਂ ਦੀ ਗਿਣਤੀ ਕਿੰਨੀ ਹੈ;

ਅ) ਕੀ ਇਹ ਠੀਕ ਹੈ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਪਰਿਵਾਰ ਗਰੀਬ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਹਨ; ਜੇਕਰ ਅਜਿਹਾ ਹੋਵੇ ਤਾਂ ਉਹਨ੍ਹਾਂ ਦੇ ਮੁੜ ਵਸੇਬੇ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ;

ੲ) ਰਾਜ ਦੇ ਸਾਰੇ ਵਸਨੀਕਾਂ ਦੀ ਰਿਹਾਇਸ਼ ਯਕੀਨੀ ਬਣਾਉਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ?

–––––––

**ਪਿਛਲੇ ਤਿੰਨ ਮਹੀਨਿਆਂ ਦੋਰਾਨ ਖੁਦਕੁਸ਼ੀਆਂ ਕਰਨ ਵਾਲੇ**

**ਕਿਸਾਨਾਂ ਦੇ ਵੇਰਵੇ**

***187. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਪਿਛਲੇ ਤਿੰਨ ਮਹੀਨਿਆਂ ਵਿੱਚ ਰਾਜ ਵਿੱਚ ਖੁਦਕੁਸ਼ੀਆ ਕਰਕੇ ਮਰਨ ਵਾਲੇ ਕਿਸਾਨਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੇ ਕੀ ਕਾਰਨ ਹੈ;

ਅ) ਖੁਦਕੁਸ਼ੀਆਂ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ?

———

**ਮਗਨਰੇਗਾ ਮਜ਼ਦੂਰਾਂ ਦੀ ਦਿਹਾੜੀ ਦੇ ਭੁਗਤਾਨ ਦੀ ਬਕਾਇਆ**

**ਰਾਸ਼ੀ ਜਾਰੀ ਕਰਨਾ**

***190. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਰਾਜ ਵਿੱਚ ਕੰਮ ਕਰਦੇ ਮਗਨਰੇਗਾ ਮਜ਼ਦੂਰਾਂ ਦੀ ਤਨਖਾਹ ਦੀ ਬਕਾਇਆ ਰਾਸ਼ੀ ਕਿੰਨੀ ਹੈ ਅਤੇ ਇਸ ਦਾ ਭੁਗਤਾਨ ਕਦੋਂ ਤੱਕ ਕਰ ਦਿੱਤਾ ਜਾਵੇਗਾ;

ਅ) ਕੀ ਅਜਿਹੇ ਮਜ਼ਦੂਰਾਂ ਨੂੰ ਤਨਖਾਹ ਹਰ ਮਹੀਨੇ ਦਿੱਤੀ ਜਾਂਦੀ ਹੈ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

———

## ਡਰਾਇਵਰ ਅਤੇ ਫਾਇਰਮੈਨਾਂ ਦੀਆਂ ਅਸਾਮੀਆਂ ਭਰਨਾ

***191. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਫਿਲੌਰ ਵਿਖੇ ਨਵੇਂ ਸਥਾਪਿਤ ਕੀਤੇ ਫਾਇਰ ਸਟੇਸ਼ਨ ਲਈ ਸਟਾਫ (ਫਾਇਰਮੈਨ ਅਤੇ ਡਰਾਇਵਰ) ਨਿਯੁਕਤ ਕਰ ਦਿੱਤਾ ਹੈ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਨ ਹਨ ਅਤੇ ਇਹਨਾਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

–––––––

## ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਤੇ ਜੁਰਮਾਨਾ ਲਗਾਉਣਾ

***192. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਰਾਜ ਦੀਆਂ ਸਾਰੀਆਂ 163 ਸ਼ਹਿਰੀ ਸਥਾਨਕ ਸੰਸਥਾਂਵਾਂ ਨੂੰ ਪ੍ਰਦੂਸ਼ਣ ਮਾਪਦੰਡਾ ਦੀ ਉਲੰਘਣਾ ਕਰਨ ਲਈ ਅਤੇ ਸੋਲਿਡ ਵੇਸਟ ਮੈਨੇਜਮੈਂਟ ਉੱਤੇ ਨੈਸ਼ਨਲ ਗ੍ਰੀਨ ਟ੍ਰਿਬਿਉਨਲ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਤੇ ਜੁਰਮਾਨਾ ਲਗਾਇਆ ਗਿਆ ਹੈ; ਜੇਕਰ ਹਾਂ, ਤਾਂ ਇਸਦੇ ਵੇਰਵੇ ਕੀ ਹਨ; ਸ਼ਹਿਰੀ ਸਥਾਨਕ ਸੰਸਥਾਂਵਾਂ ਵੱਲੋਂ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ;

ਅ) ਰਾਜ ਵਿੱਚ ਹਰ ਰੋਜ਼ ਕਿੰਨਾ ਮਿਉਂਸੀਪਲ ਸਾਲਿਡ ਵੇਸਟ ਪੈਦਾ ਕੀਤਾ ਜਾਂਦਾ ਹੈ ਅਤੇ ਇਸ ਕੂੜੇ ਨੂੰ ਘਟਾਉਣ ਅਤੇ ਵਾਤਾਵਰਣ ਦੇ ਅਨੁਕੂਲ ਤਰੀਕਿਆਂ ਅਨੁਸਾਰ ਵਰਤਣਯੋਗ ਬਣਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ?

–––––––

## ਸ਼ਹੀਦ ਬਾਬੂ ਲਾਭ ਸਿੰਘ ਸ.ਸੀ.ਸੈ.ਸ. ਲਸਾੜਾ (ਜਲੰਧਰ) ਵਿਖੇ ਸਾਇੰਸ ਸਟ੍ਰੀਮ ਨੂੰ ਮੰਨਜ਼ੂਰੀ ਅਤੇ ਅਧਿਆਪਕ ਮੁਹੱਈਆ ਕਰਵਾਉਣਾ

***193. (ਸੀ.ਯੂ.) ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਰਕਾਰ ਨੇ ਸ਼ਹੀਦ ਬਾਬੂ ਲਾਭ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਸਾੜਾ, ਜ਼ਿਲ੍ਹਾ ਜਲੰਧਰ ਵਿੱਚ ਗਿਆਰਵੀਂ ਅਤੇ ਬਾਰਵੀਂ ਜਮਾਤਾਂ ਲਈ ਸਾਇੰਸ ਸਟ੍ਰੀਮ ਨੂੰ ਮਨਜ਼ੂਰੀ ਦੇ ਦਿੱਤੀ ਹੈ; ਜੇਕਰ ਹਾਂ, ਤਾਂ ਇਸਦੇ ਵੇਰਵੇ ਕੀ ਹਨ;

ਅ) ਕੀ ਸਰਕਾਰ ਨੇ ਇਸ ਸਕੂਲ ਵਿੱਚ ਸਾਇੰਸ ਸਟ੍ਰੀਮ ਨੂੰ ਚਲਾਉਣ ਲਈ ਲੋੜੀਂਦਾ ਬੁਨਿਆਦੀ ਢਾਂਚਾ ਅਤੇ ਅਧਿਆਪਕ ਉਪਲੱਬਧ ਕਰਵਾ ਦਿੱਤੇ ਹਨ; ਜੇਕਰ ਨਹੀਂ, ਤਾਂ ਕਦੋਂ ਤੱਕ?

––––––

## ਡੇਰਾ ਬੱਸੀ ਦੀਆਂ ਅਨਆਥੋਰਾਈਜ਼ਡ ਕਲੋਨੀਆਂ ਰੈਗੂਲਰ ਕਰਨ ਲਈ ਵਨ–ਟਾਇਮ ਸੈਟਲਮੈਂਟ ਪਾਲਿਸੀ ਬਣਾਉਣਾ

***194. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੇਰਾਬੱਸੀ ਹਲਕੇ ਵਿੱਚ ਬਣੀਆਂ ਅਨਆਥੋਰਾਜ਼ੀਡ ਕਲੋਨੀਆਂ ਨੂੰ ਰੈਗੂਲਰ ਕਰਨ ਲਈ ਸਰਕਾਰ ਵੱਲੋਂ ਕੋਈ ਵਨ–ਟਾਈਮ ਸੈਟਲਮੈਂਟ ਪਾਲਿਸੀ ਬਣਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਇੰਪਲੀਮੈਂਟ ਕਰਵਾ ਦਿੱਤਾ ਜਾਵੇਗਾ?

––––––

**ਡੇਰਾ ਬੱਸੀ ਵਿੱਚ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਰਿਪੇਅਰ ਕਰਨਾ**

***197. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਡੇਰਾ ਬੱਸੀ ਵਿੱਚ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਪਿਛਲੀ ਵਾਰ ਕਦੋਂ ਰਿਪੇਅਰ ਜਾਂ ਨਵੀਨੀਕਰਨ ਕੀਤਾ ਗਿਆ ਸੀ ਵੇਰਵੇ ਸਹਿਤ ਦੱਸਿਆ ਜਾਵੇ:

ਅ) ਇਨ੍ਹਾਂ ਸੜਕਾਂ ਦੀ ਰਿਪੇਅਰ ਕਦੋਂ ਤੋਂ ਡਿਊ ਹੈ ਅਤੇ ਰਿਪੇਅਰ ਨਾ ਕਰਨ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਦੀ ਕਦੋਂ ਤੱਕ ਰਿਪੇਅਰ ਕਰਵਾ ਦਿੱਤੀ ਜਾਵੇਗੀ?

-------

**ਸ਼੍ਰੀ ਦਸ਼ਮੇਸ਼ ਲਿੰਕ ਨਹਿਰ ਬਣਾਉਣ ਸਬੰਧੀ ਕਮੇਟੀ ਵੱਲੋਂ ਕੀਤੀਆਂ ਸਿਫਾਰਿਸ਼ਾਂ/ਪ੍ਰੇਖਣਾ ਤੇ ਕਾਰਵਾਈ ਕਰਨਾ**

***198. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਦਰਵੀਂ ਵਿਧਾਨ ਸਭਾ ਨੇ ਸ਼੍ਰੀ ਦਸ਼ਮੇਸ਼ ਲਿੰਕ ਨਹਿਰ ਬਣਾਉਣ ਸਬੰਧੀ ਕੋਈ ਸਦਨ ਦੀ ਕਮੇਟੀ ਕਾਂਸਟੀਚਿਊਟ ਕੀਤੀ ਸੀ;

ਅ) ਕੀ ਸਰਕਾਰ ਵੱਲੋਂ ਉਕਤ ਕਮੇਟੀ ਦੁਆਰਾ ਕੀਤੀਆਂ ਸ਼ਿਫਾਰਿਸ਼ਾ/ਪ੍ਰੇਖਣਾਂ ਤੇ ਕੋਈ ਕਾਰਵਾਈ ਕੀਤੀ ਜਾ ਰਹੀ ਹੈ; ਜੇਕਰ ਹਾਂ ਤਾਂ ਉਸ ਬਾਰੇ ਵੇਰਵੇ ਦਿੱਤੇ ਜਾਣ?

-------

**ਜੀਰਕਪੁਰ ਵਿਖੇ ਟਰੈਫਿਕ ਦੀ ਸਮੱਸਿਆ ਦਾ ਹੱਲ ਕਰਨਾ**

***199. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੀਰਕਪੁਰ ਵਿਖੇ ਟਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਦੀ ਕੋਈ ਪਰਪੋਜ਼ਲ ਤਿਆਰ ਕੀਤੀ ਗਈ ਹੈ; ਜੇਕਰ ਕੀਤੀ ਗਈ ਹੈ ਤਾਂ ਉਸ ਦੇ ਕੀ ਵੇਰਵੇ ਹਨ ਅਤੇ ਇਸ ਸਮੱਸਿਆ ਦਾ ਹੱਲ ਕਦੋਂ ਤੱਕ ਕਰ ਦਿੱਤਾ ਜਾਵੇਗਾ?

––––––

**ਜੀਰਕਪੁਰ, ਡੇਰਾਬੱਸੀ ਸ਼ਹਿਰਾਂ ਨੂੰ ਕਜ਼ੌਲੀ ਵਾਟਰ ਵਰਕਸ ਤੋਂ ਪੀਣ ਵਾਲਾ ਪਾਣੀ ਮੁਹੱਈਆ ਕਰਾਉਣਾ**

***201. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੀਰਕਪੁਰ ਅਤੇ ਡੇਰਾਬੱਸੀ ਸ਼ਹਿਰਾਂ ਨੂੰ ਕਜ਼ੌਲੀ ਵਾਟਰ ਵਰਕਸ ਤੋਂ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

––––––

**ਰਾਜ ਅੰਦਰ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਕਰਨ ਲਈ ਪਾਲਿਸੀ ਤਿਆਰ ਕਰਨਾ**

***202. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਅੰਦਰ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਕਰਨ ਲਈ ਕੋਈ ਪਾਲਿਸੀ ਤਿਆਰ ਕੀਤੀ ਜਾ ਰਹੀ ਹੈ; ਜੇਕਰ ਕੀਤੀ ਜਾ ਰਹੀ ਹੈ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

––––––

## ਰਾਜ ਦੇ ਸ਼ਹਿਰਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣਾ

***203. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਰਾਜ ਦੇ ਸ਼ਹਿਰਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ਜੇਕਰ ਹਾਂ ਤਾਂ ਇਨ੍ਹਾਂ ਸ਼ਹਿਰਾਂ ਨੂੰ ਕਦੋਂ ਤੱਕ ਨਹਿਰੀ ਪਾਣੀ ਮਿਲਣਾ ਸ਼ੁਰੂ ਹੋਣ ਦੀ ਸੰਭਾਵਨਾ ਹੈ;

ਅ) ਕੀ ਜੀਰਕਪੁਰ ਸ਼ਹਿਰ ਦੀ ਵੱਧਦੀ ਹੋਈ ਅਬਾਦੀ ਨੂੰ ਧਿਆਨ ਵਿੱਚ ਰੱਖਦਿਆਂ ਪਹਿਲ ਦੇ ਅਧਾਰ ਉੱਤੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

–––––––

## ਸਿੰਘਪੁਰਾ ਚੌਂਕ, ਜੀਰਕਪੁਰ ਵਿਖੇ ਸਥਾਈ ਬੱਸ ਸਟੈਂਡ ਬਣਾਉਣਾ

***204. (ਸੀ.ਯੂ.) ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਚੰਡੀਗੜ੍ਹ ਤੋਂ ਦਿੱਲੀ ਜਾਣ ਵਾਲੇ ਯਾਤਰੀਆਂ ਲਈ ਸਿੰਘਪੁਰਾ ਚੌਂਕ, ਜੀਰਕਪੁਰ, ਵਿਖੇ ਕੋਈ ਪੱਕਾ ਬੱਸ–ਸਟੈਂਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇੱਥੇ ਸਥਾਈ ਬੱਸ ਸਟੈਂਡ ਕਦੋਂ ਤੱਕ ਤਿਆਰ ਕਰ ਦਿੱਤਾ ਜਾਵੇਗਾ?

–––––––

## ਹਲਕਾ ਰਾਜਪੁਰਾ ਵਿਖੇ ਪੀਣ ਵਾਲੇ ਅਤੇ ਸੀਵਰੇਜ਼ ਦੇ ਪਾਈਪ ਬਦਲਾਉਣਾ

***211. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਜਪੁਰਾ ਵਿੱਚ ਪੀਣ ਵਾਲੇ ਪਾਣੀ ਦੇ ਜੋ ਪਾਈਪ ਹਨ, ਉਹ ਬਹੁਤ ਪੁਰਾਣੇ ਹੋ ਚੁੱਕੇ ਹਨ ਅਤੇ ਜੰਗ ਲੱਗਣ ਕਾਰਨ ਸੀਵਰੇਜ਼ ਦੇ ਪਾਈਪ ਜਗ੍ਹਾ-ਜਗ੍ਹਾ ਤੋਂ ਲੀਕ ਹੋਣ ਕਾਰਨ ਲੋਕਾਂ ਨੂੰ ਸੀਵਰੇਜ ਮਿਕਸ ਪਾਣੀ ਪੀਣ ਵਾਸਤੇ ਮਜਬੂਰ ਹੋਣਾ ਪੈ ਰਿਹਾ ਹੈ। ਜੇਕਰ ਅਜਿਹਾ ਹੋਵੇ ਤਾਂ ਕੀ ਸੀਵਰੇਜ਼ ਅਤੇ ਪਾਣੀ ਦੇ ਪਾਈਪ ਵੱਖਰੇ-ਵੱਖਰੇ ਕਰਕੇ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਜਿਹਾ ਕਰ ਦਿੱਤਾ ਜਾਵੇਗਾ?

——————

## ਹਲਕਾ ਰਾਜਪੁਰਾ ਅਤੇ ਬਨੂੜ ਵਿਖੇ ਫਾਇਰ ਬ੍ਰਿਗੇਡ ਗੱਡੀਆਂ ਦੀ ਸਹੂਲਤ ਦੇਣਾ

***212. (ਸੀ.ਯੂ.) ਸ਼੍ਰੀਮਤੀ ਨੀਨਾ ਮਿੱਤਲ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜਪੁਰਾ ਅਤੇ ਬਨੂੜ ਵਿੱਚ ਜੋ ਕਲੋਨੀਆਂ ਨਗਰ ਕੌਂਸਲਾਂ, ਰਾਜਪੁਰਾ ਅਤੇ ਬਨੂੜ ਵਿੱਚ ਹਨ, ਉਨ੍ਹਾਂ ਵਿੱਚ ਪਲਾਟਾਂ ਦੇ ਐਨ.ਓ.ਸੀ. ਲੈਣ ਵਾਸਤੇ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇਂ ਤਾਂ ਕੀ ਲੋਕਾਂ ਤੋਂ ਇੱਕ ਯਕ-ਮੁਸ਼ਤ ਫੀਸ ਲੈ ਕੇ ਐਨ.ਓ.ਸੀ. ਜਾਰੀ ਕੀਤੀ ਜਾ ਸਕਦੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਨਗਰ ਕੌਂਸਲਾਂ ਰਾਜਪੁਰਾ ਅਤੇ ਬਨੂੜ ਵਿੱਚ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨਗਰ ਕੌਂਸਲ ਰਾਜਪੁਰਾ ਨੂੰ 3 ਗੱਡੀਆਂ ਅਤੇ ਬਨੂੜ ਨਗਰ ਕੌਂਸਲ ਨੂੰ 2 ਫਾਇਰ ਬ੍ਰਿਗੇਡ ਗੱਡੀਆਂ ਦੀ ਸਹੂਲਤ ਦੇਣ ਤੇ ਵਿਚਾਰ ਕਰੇਗੀ?

——————

## ਹਲਕਾ ਸਨੌਰ, ਜਿਲ੍ਹਾ ਪਟਿਆਲਾ ਵਿੱਚ ਹੜ੍ਹਾਂ ਨੂੰ ਰੋਕਣ ਲਈ ਉਪਰਾਲੇ ਕਰਨਾ

***215. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਸਨੌਰ, ਜਿਲ੍ਹਾ ਪਟਿਆਲਾ ਦੇ ਕਿਹੜੇ-ਕਿਹੜੇ ਇਲਾਕੇ ਹੜ੍ਹਾਂ ਦੀ ਮਾਰ ਅਧੀਨ ਆਉਂਦੇ ਹਨ ਅਤੇ ਸਰਕਾਰ ਵੱਲੋਂ ਇਨ੍ਹਾਂ ਦੇ ਬਚਾਅ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਅ) ਕੀ ਸਰਕਾਰ ਘੱਗਰ ਦੀ ਸਫਾਈ ਕਰਵਾਉਣ ਅਤੇ ਰੀਚਾਰਜਿੰਗ ਬੋਰਜ਼ ਲਗਾਉਣ ਬਾਰੇ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਉਸਦੀ ਮੌਜੂਦਾ ਸਥਿਤੀ ਕੀ ਹੈ;

ੲ) ਕੀ ਸਰਕਾਰ ਹਲਕੇ ਦੇ ਜਿਹੜੇ ਇਲਾਕੇ ਹੜ੍ਹਾਂ ਦੀ ਮਾਰ ਹੇਠ ਆਉਂਦੇ ਹਨ ਉਥੇ-ਉਥੇ causeways ਦੀ ਜਗ੍ਹਾ ਉਤੇ ਪੁਲੀਆਂ ਬਣਾਉਣ ਉਤੇ ਵਿਚਾਰ ਕਰੇ ਗੀ; ਜੇਕਰ ਕਰੇਗੀ ਤਾਂ ਇਹ ਕਦੋਂ ਤੱਕ ਕਰਵਾ ਦਿੱਤਾ ਜਾਵੇਗਾ?

-------

## ਹਲਕਾ ਸਨੌਰ ਵਿੱਚ ਸਿਵਲ ਹਸਪਤਾਲ ਖੋਲ੍ਹਣਾ

***217. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਰਕਾਰ ਹਲਕਾ ਸਨੌਰ ਵਿਖੇ ਸਿਵਲ ਹਸਪਤਾਲ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ਖੋਲ੍ਹ ਦਿੱਤਾ ਜਾਵੇਗਾ;

ਅ) ਕੀ ਸਰਕਾਰ ਸੀ.ਐਚ.ਸੀ. ਦੂਧਨ ਸਾਧਾਂ ਨੂੰ ਸਿਵਲ ਹਸਪਤਾਲ ਵੱਜੋਂ ਅੱਪਗ੍ਰੇਡ ਕਰਨ ਉਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ;

ੲ) ਕੀ ਸਰਕਾਰ ਸਨੌਰ ਅਤੇ ਬਲਬੇੜਾ ਕਸਬੇ ਵਿੱਚ ਮੌਜੂਦ ਡਿਸਪੈਂਸਰੀਆਂ ਨੂੰ ਸੀ.ਐਚ.ਸੀ. ਵੱਜੋਂ ਅੱਪਗ੍ਰੇਡ ਕਰਨ ਉਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

-------

## ਹਲਕਾ ਸਨੌਰ ਦੀਆਂ ਸੜਕਾਂ ਦੀ ਚੌੜਾਈ ਵਧਾਉਣਾ

***220. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸਨੌਰ ਵਿਖੇ ਕਿਹੜੀਆਂ-ਕਿਹੜੀਆਂ ਸੜਕਾਂ ਦੀ ਚੌੜਾਈ ਵਧਾ ਕੇ 18 ਫੁੱਟ ਕਰਨ ਬਾਰੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਹ ਕਦੋਂ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ?

———

## ਹਲਕਾ ਸਨੌਰ ਅੰਦਰ ਚਲ ਰਹੀਆਂ ਸਰਕਾਰੀ ਡਿਸਪੈਂਸਰੀਆਂ ਵਿੱਚ ਦਵਾਈਆਂ ਦਾ ਸਟਾਕ ਉਪਲੱਬਧ ਕਰਵਾਉਣਾ

***222. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ ਵਿੱਚ ਚੱਲ ਰਹੀਆਂ ਸਰਕਾਰੀ ਡਿਸਪੈਂਸਰੀਆਂ ਵਿੱਚ ਮੌਜੂਦਾ ਸਮੇਂ ਸਾਰੀਆਂ ਦਵਾਈਆਂ ਦਾ ਪੂਰਾ ਸਟਾਕ ਉਪਲੱਬਧ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਡਿਸਪੈਂਸਰੀਆਂ ਵਿੱਚ ਲੋੜੀਂਦੀਆਂ ਦਵਾਈਆਂ ਕਦੋਂ ਤੱਕ ਉਪਲੱਬਧ ਕਰਵਾ ਦਿੱਤੀਆਂ ਜਾਣਗੀਆਂ; ਵੇਰਵੇ ਦਿੱਤੇ ਜਾਣ?

———

## ਕਸਬਾ ਬਹਾਦਰਗੜ੍ਹ ਅਤੇ ਦੋਣ ਕਲਾਂ ਵਿਖੇ ਫੜ੍ਹਾਂ ਦੀ ਮੁਰੰਮਤ ਕਰਵਾਉਣਾ

***224. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸਨੌਰ ਦੇ ਕਸਬਾ ਬਹਾਦਰਗੜ੍ਹ ਅਤੇ ਦੋਣ ਕਲਾਂ ਵਿਖੇ ਫੜ੍ਹਾਂ ਦੀ ਖਰਾਬ ਹਾਲਤ ਹੋਣ ਕਰਕੇ ਇਨ੍ਹਾਂ ਦੀ ਮੁਕੰਮਲ ਤੌਰ ਤੇ ਕਦੋਂ ਤੱਕ ਮੁਰੰਮਤ ਕਰਵਾ ਦਿੱਤੀ ਜਾਵੇਗੀ?

———

## ਪਿੰਡ ਸਾਦਿਕਪੁਰ ਵੀਰਾ ਵਿਖੇ ਸੜਕ ਅਤੇ ਮਾਰਕੰਡਾਂ ਦਰਿਆ ਉੱਤੇ ਪੁੱਲ ਦੀ ਉਸਾਰੀ

***225. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–**
ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਹਲਕਾ ਸਨੌਰ ਦਾ ਪਿੰਡ ਸਾਦਿਕਪੁਰ ਵੀਰਾ ਮੌਜੂਦਾ ਸਮੇਂ ਵਿੱਚ ਰਾਜ ਦੇ ਸੜਕ ਮਾਰਗ ਨਾਲ ਜੁੜਿਆ ਹੋਇਆ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ;

ਅ) ਕੀ ਸਰਕਾਰ ਲੋਕਾਂ ਦੀ ਮੁਸ਼ਕਲਾਂ ਦੇ ਮੱਦੇਨਜ਼ਰ ਇਹ ਸੜਕ ਅਤੇ ਮਾਰਕੰਡਾਂ ਦਰਿਆ ਉੱਤੇ ਪੁੱਲ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

–––––––

## ਹਲਕਾ ਸਨੌਰ ਦੇ ਪਿੰਡਾਂ ਵਿੱਚ ਪਾਣੀ ਵਾਲੀਆਂ ਟੈਂਕੀਆਂ ਲਈ ਬੋਰ ਕਰਵਾਉਣਾ

***227. (ਸੀ.ਯੂ.) ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:–**
ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸਨੌਰ ਵਿਖੇ ਜਿਹੜੇ ਪਿੰਡਾਂ ਵਿੱਚ ਪਾਣੀ ਵਾਲੀਆਂ ਟੈਂਕੀਆਂ ਦੇ ਬੋਰ ਬਹੁਤ ਪੁਰਾਣੇ ਹੋ ਚੁੱਕੇ ਹਨ ਉਨ੍ਹਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਸ ਦੀ ਮੌਜੂਦਾ ਸਥਿਤੀ ਕੀ ਹੈ; ਕੀ ਇੰਨ੍ਹਾਂ ਪਿੰਡਾਂ/ਕਸਬਿਆਂ ਵਿੱਚ ਦੁਬਾਰਾ ਬੋਰ ਕਰਵਾਉਣ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਬੋਰ ਕਰਵਾ ਦਿੱਤੇ ਜਾਣਗੇ?

–––––––

## ਖਡੂਰ ਸਾਹਿਬ ਦੇ ਪਿੰਡ ਰਸੂਲਪੁਰ ਵਿਖੇ ਸਿੰਚਾਈ ਵਿਭਾਗ ਦੇ ਰੈਸਟ ਹਾਊਸ ਦੀ ਉਸਾਰੀ ਕਰਨਾ

*231. **(ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਖਡੂਰ ਸਾਹਿਬ ਦੇ ਪਿੰਡ ਰਸੂਲਪੁਰ ਦੇ ਅੰਦਰ ਸਿੰਚਾਈ ਵਿਭਾਗ ਦੇ ਰੈਸਟ ਹਾਊਸ ਦੀ ਮਾੜੀ ਸਥਿਤੀ ਨੂੰ ਦੇਖਦੇ ਹੋਏ ਨਵਾਂ ਰੈਸਟ ਹਾਊਸ ਬਣਾਉਣ ਜਾਂ ਪੁਰਾਣੇ ਨੂੰ ਮੁਰੰਮਤ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

——————

## ਖਡੂਰ ਸਾਹਿਬ ਵਿਖੇ ਪਟਵਾਰੀਆਂ ਦੀਆਂ ਖਾਲੀ ਅਸਾਮੀਆਂ

***233. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–:

ੳ) ਹਲਕਾ ਖਡੂਰ ਸਾਹਿਬ ਦੀ ਤਹਿਸੀਲ ਵਿੱਚ ਪਟਵਾਰੀਆਂ ਦੀਆਂ ਕਿੰਨੀਆਂ ਅਸਾਮੀਆਂ ਹਨ ਅਤੇ ਇਸ ਵੇਲੇ ਕਿੰਨੇ ਪਟਵਾਰੀ ਕੰਮ ਕਰ ਰਹੇ ਹਨ;

ਅ) ਕਿ ਇਹ ਠੀਕ ਹੈ ਕਿ ਪਟਵਾਰੀਆਂ ਦੀ ਗਿਣਤੀ ਤਹਿ ਸੀਮਾ ਤੋਂ ਘੱਟ ਹੋਣ ਕਾਰਨ ਵਿਭਾਗ ਵਿੱਚ ਕੰਮ ਕਰਵਾਉਣ ਆਏ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਪਟਵਾਰੀਆਂ ਦੀ ਨਵੀਂ ਭਰਤੀ ਕਰਕੇ ਇਸ ਸਮੱਸਿਆ ਨੂੰ ਹੱਲ ਕਰੇਗੀ?

——————

## **ਪੰਜਾਬ ਵਿੱਚ ਪਲਾਸਟਿਕ ਦੇ ਲਿਫਾਫਿਆਂ ਤੇ ਪਾਬੰਦੀ ਲਗਾਉਣਾ**

***236. (ਸੀ.ਯੂ.) ਸਰਦਾਰ ਜਸਬੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.:-** ਕੀ ਸਾਇੰਸ, ਤਕਨਾਲੌਜੀ ਅਤੇ ਵਾਤਾਵਰਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਪਲਾਸਟਿਕ ਦੇ ਲਿਫਾਫਿਆਂ ਤੇ ਪਾਬੰਦੀ ਲਗਾਈ ਗਈ ਹੈ; ਜੇਕਰ ਹਾਂ ਤਾਂ ਇਸ ਪਾਬੰਦੀ ਨੂੰ ਪੂਰਨ ਤੋਰ ਤੇ ਲਾਗੂ ਕਰਨ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

-------

## **ਉੜਮੁੜ-ਟਾਂਡਾ ਦੇ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਦੀਆਂ ਖਾਲੀ ਅਸਾਮੀਆਂ ਅਤੇ ਸਾਜੋ ਸਾਮਾਨ ਦੀ ਘਾਟ ਨੂੰ ਪੂਰਾ ਕਰਨਾ**

***237. (ਸੀ.ਯੂ.) ਸਰਦਾਰ ਜਸਬੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿਧਾਨ ਸਭਾ ਹਲਕਾ ਉੜਮੁੜ-ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਕੰਮ ਕਰ ਰਹੇ ਕੈਟਾਗਿਰੀ-ਵਾਰ ਅਧਿਕਾਰੀਆਂ/ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਖਾਲੀ ਪਈਆਂ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਦਰਸ਼ਾਏ ਹਸਪਤਾਲਾਂ/ਡਿਸਪੈਂਸਰੀਆਂ ਵਿੱਚ ਇੰਨਫਰਾਸਟਕਚਰ ਦੀ ਵੀ ਘਾਟ ਹੈ; ਜੇਕਰ ਹਾਂ ਤਾਂ ਉਕਤ ਘਾਟ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

-------

## ਪੰਜਾਬ ਦੇ ਕਿਸਾਨਾਂ ਨੂੰ ਖੇਤੀ ਦੀ ਮਿੱਟੀ ਦੀ ਜਾਂਚ ਦੇ ਟੈਸਟ ਸਬੰਧੀ ਜਾਣਕਾਰੀ ਦੇਣਾ

***239. (ਸੀ.ਯੂ.) ਸਰਦਾਰ ਜਸਬੀਰ ਸਿੰਘ ਰਾਜਾ ਗਿੱਲ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੇਤੀਬਾੜੀ ਵਿਭਾਗ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਾਂ ਦੀ ਮਿੱਟੀ ਦੀ ਜਾਂਚ ਦੇ ਟੈਸਟ ਸਬੰਧੀ ਜਾਣਕਾਰੀ ਦੇਣ ਲਈ ਸਰਕਾਰ ਦੁਆਰਾ ਕੀ ਉਪਰਾਲੇ ਕੀਤੇ ਜਾ ਰਹੇ ਹਨ?

_______

## ਹਲਕਾ ਭੁਲੱਥ ਦੇ ਸਰਕਾਰੀ ਸਕੂਲਾਂ ਨੂੰ ਅੱਪਗ੍ਰੇਡ ਕਰਨਾ

***243. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁਲੱਥ ਦੇ ਪਿੰਡ ਇਬਰਾਹੀਮਵਾਲ, ਬੋਪਾਰਾਏ ਅਤੇ ਰਾਮਗੜ ਦੇ ਸਰਕਾਰੀ ਹਾਈ ਸਕੂਲਾਂ ਨੂੰ ਅੱਪਗ੍ਰੇਡ ਕਰਨ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਦਿੱਤੇ ਜਾਣ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹੈ?

_______

## ਹਲਕਾ ਭੁਲੱਥ ਦੇ ਬਿਆਸ ਦਰਿਆ ਨਾਲ ਲੱਗਦੇ ਪਿੰਡਾਂ ਦੀ ਜ਼ਮੀਨ ਬੁਰਦ ਹੋਣ ਤੋਂ ਬਚਾਉਣਾ

***244. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁਲੱਥ ਦੇ ਬਿਆਸ ਦਰਿਆ ਦੇ ਨਾਲ ਲੱਗਦੇ ਦਰਜਨਾਂ ਪਿੰਡਾਂ ਦੀ ਸੈਂਕੜਿਆਂ ਏਕੜ ਜਮੀਨ ਦਰਿਆ ਬੁਰਦ ਹੋਣ ਤੋਂ ਬਚਾਉਣ ਲਈ ਠੋਕਰਾਂ (Stud) ਲਗਾਏ ਜਾਣ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਉਸ ਦੇ ਕੀ ਵੇਰਵੇ ਹਨ?

_______

**ਐਗਰੀਕਲਚਰ ਵਿਭਾਗ ਦੇ ਕੱਚੇ 422 ATMA ਵਰਕਰਾਂ ਨੂੰ ਪੱਕੇ ਕਰਨਾ**

***247. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਐਗਰੀਕਲਚਰ ਵਿਭਾਗ ਵਿੱਚ ਕੱਚੇ ਤੋਰ ਤੇ ਕੰਮ ਕਰ ਰਹੇ 422 ATMA ਵਰਕਰਾਂ ਨੂੰ ਪੱਕੇ ਕੀਤੇ ਜਾਣ ਦੀ ਪ੍ਰਕਿਰਿਆ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਮੁਕੰਮਲ ਕਰ ਲਈ ਜਾਵੇਗੀ?

_______

**ਵੱਖ–ਵੱਖ ਧਾਰਾਵਾਂ ਅਧੀਨ ਨੌਕਰੀ ਤੋਂ ਬਰਖਾਸਤ ਕੀਤੇ ਪੁਲਿਸ ਮੁਲਾਜ਼ਮਾਂ ਦੇ ਵੇਰਵੇ**

***248. (ਸੀ.ਯੂ.) ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ 15–09–2021 ਤੋਂ 05–01–2022 ਤੱਕ ਅਤੇ ਮਿਤੀ 16.03.2022 ਤੋਂ ਮੌਜੂਦਾ ਸਮੇਂ ਤੱਕ ਰਾਜ ਵਿੱਚ ਵੱਖ-ਵੱਖ ਧਾਰਾਵਾਂ ਅਧੀਨ ਨੌਕਰੀ ਤੋਂ ਬਰਖਾਸਤ ਕੀਤੇ ਗਏ ਪੁਲਿਸ ਮੁਲਾਜਮਾਂ ਦੀ ਜ਼ਿਲ੍ਹਾ–ਵਾਰ ਗਿਣਤੀ ਕਿੰਨੀ ਹੈ; ਵੇਰਵੇ ਦਿੱਤੇ ਜਾਣ?

_______

**ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੁਹੱਈਆ ਕਰਵਾਉਣਾ**

***250. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਪੰਚਾਇਤ ਫਤਿਆਬਾਦ, ਖਡੂਰ ਸਾਹਿਬ ਅਤੇ ਚੋਹਲਾ ਸਾਹਿਬ ਲਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੁਹੱਈਆ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਮੁੱਹਈਆ ਕਰਵਾ ਦਿੱਤੀਆਂ ਜਾਣਗੀਆਂ?

_______

## ਹਥਿਆਰਾਂ ਦੇ ਜਾਅਲੀ ਲਾਇਸੰਸ ਬਣਾਉਣਾ

***251. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਿਤੀ 29/08/2015 (ਐਫ.ਆਈ.ਆਰ. ਨੰ:243/15 ਤਰਨਤਾਰਨ) ਨੂੰ ਜ਼ਿਲ੍ਹਾ ਤਰਨਤਾਰਨ ਵਿੱਚ ਹਥਿਆਰਾਂ ਦੇ ਜਾਅਲੀ ਲਾਇਸੰਸ ਬਣੇ ਹੋਣ ਦੀ ਜਾਂਚ ਸ਼ੁਰੂ ਹੋਈ ਸੀ ਅਤੇ ਉਸੇ ਹਫਤੇ ਅੰਦਰ ਹੀ ਸਾਰੇ ਰਿਕਾਰਡ ਨੂੰ ਅੱਗ ਲੱਗ ਗਈ ਸੀ ਅਤੇ ਦੁਬਾਰਾ 26/10/2016 (ਐਫ.ਆਈ.ਆਰ. ਨੰ:36) ਨੂੰ ਵਿਜੀਲੈਂਸ ਬਿਉਰੋ ਅੰਮ੍ਰਿਤਸਰ ਨੂੰ ਦਰਖਾਸਤ ਦਿੱਤੀ ਗਈ; ਜੇਕਰ ਅਜਿਹਾ ਹੋਵੇ ਤਾਂ ਕੀ ਉਸਦੀ ਕੋਈ ਜਾਂਚ ਹੋਈ ਹੈ ਜਾਂ ਹੋ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ ਅਤੇ ਜੇਕਰ ਨਹੀਂ ਤਾਂ ਕਦੋਂ ਤੱਕ ਜਾਂਚ ਕਰ ਲਈ ਜਾਵੇਗੀ?

_______

## ਪਸ਼ੂ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਪੂਰਾ ਕਰਨਾ

***253. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਹਲਕਾ ਖਡੂਰ ਸਾਹਿਬ ਵਿੱਚ ਕੁੱਲ ਕਿੰਨੇ ਪਸ਼ੂ ਹਸਪਤਾਲ ਹਨ ਇਨ੍ਹਾਂ ਵਿਚੋਂ ਕਿੰਨੇ ਕੰਮ ਕਰ ਰਹੇ ਹਨ ਤੇ ਕਿੰਨੇ ਬੰਦ ਪਏ ਹਨ ਅਤੇ ਕਿੰਨਿਆਂ ਵਿੱਚ ਡਾਕਟਰ ਹਨ; ਜਿਹੜੇ ਹਸਪਤਾਲ ਬੰਦ ਹਨ ਜਾਂ ਜਿੰਨਾਂ ਵਿੱਚ ਡਾਕਟਰ ਨਹੀਂ ਹਨ; ਕੀ ਇਹਨਾਂ ਨੂੰ ਮੁੜ ਸ਼ੁਰੂ ਕਰਨ ਅਤੇ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਇਹ ਕਰ ਲਿਆ ਜਾਵੇਗਾ;

ਅ) ਪੰਜਾਬ ਰਾਜ ਵਿੱਚ ਕਿੰਨੇ ਪਸ਼ੂਆਂ ਨੂੰ ਕੈਂਸਰ ਹੋ ਚੁੱਕਿਆ ਹੈ?

_______

## ਚਿੱਟੀ ਬੇਂਈ ਅਤੇ ਕੈਲ ਨਾਲੇ ਦੀ ਸਫਾਈ ਕਰਵਾਉਣਾ

***260. (ਸੀ.ਯੂ.) ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਫਗਵਾੜਾ ਵਿੱਚ ਚਿੱਟੀ ਬੇਂਈ ਅਤੇ ਕੈਲ ਨਾਲੇ ਨਾਲ ਲਗਭਗ 30 ਤੋਂ 35 ਪਿੰਡ ਹਰ ਸਾਲ ਹੜ੍ਹਾਂ ਕਾਰਨ ਪ੍ਰਭਾਵਿਤ ਹੁੰਦੇ ਹਨ ਅਤੇ ਫਸਲਾਂ ਆਦਿ ਦਾ ਨੁਕਸਾਨ ਹੁੰਦਾ ਹੈ;

ਅ) ਕੀ ਸਰਕਾਰ ਚਿੱਟੀ ਬੇਂਈ ਦੀ ਸਫਾਈ ਅਤੇ ਬੰਨ ਬਣਾਉਣ ਦਾ ਪ੍ਰਬੰਧ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

-------

## 108 ਨੰਬਰ ਐਂਬੂਲੈਂਸਾਂ ਦੇ ਰੱਖ ਰਖਾਵ ਸਬੰਧੀ ਕੰਪਨੀ ਖਿਲਾਫ ਕਾਰਵਾਈ

***263. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 108 ਨੰਬਰ ਐਂਬੂਲੈਂਸਾਂ ਦੇ ਰੱਖ-ਰਖਾਵ ਅਤੇ ਚਲਾਉਣ ਲਈ ਜਿਸ ਕੰਪਨੀ ਨਾਲ ਐਗਰੀਮੈਂਟ ਸੀ ਉਸਦੇ ਕੰਮ-ਕਾਰ ਵਿੱਚ ਵੱਡੇ ਪੱਧਰ ਤੇ ਖਾਮੀਆਂ ਪਾਈਆਂ ਗਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਕੰਪਨੀ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

-------

**ਰੋਪੜ ਜ਼ਿਲ੍ਹੇ ਦੇ ਪਿੰਡਾਂ ਵਿੱਚ ਫੈਲ ਰਹੇ ਪ੍ਰਦੂਸ਼ਣ ਨੂੰ ਨਿਯੰਤਰਿਤ ਕਰਨਾ**

***266. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਸਾਇੰਸ, ਤਕਨਾਲੋਜੀ ਅਤੇ ਵਾਤਾਵਰਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿਛਲੇ ਸਮੇਂ ਦੌਰਾਨ ਰੋਪੜ ਜ਼ਿਲ੍ਹੇ ਵਿੱਚ ਪਿੰਡ ਦਬੁਰਜੀ, ਲੋਹਗੜ੍ਹ ਫਿੱਡੇ, ਨੂੰਹੋ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਲੱਗੇ ਹੋਏ ਉਦਯੋਗਾਂ ਕਾਰਨ ਫੈਲ ਰਹੇ ਪ੍ਰਦੂਸ਼ਣ ਨੂੰ ਨਿਯੰਤਰਿਤ ਕਰਨ ਅਤੇ ਖਰਾਬ ਹੋ ਰਹੇ ਐਮਬਿੰਟ ਏਅਰ ਕੁਆਲਿਟੀ ਲੈਵਲ ਨੂੰ ਠੀਕ ਕਰਵਾਉਣ ਸਬੰਧੀ ਸਰਕਾਰ ਦੀ ਕੋਈ ਯੋਜਨਾ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਲਾਗੂ ਹੋ ਜਾਵੇਗੀ?

-------

**ਯੂਕਰੇਨ ਤੋਂ ਡਾਕਟਰੀ ਦੀ ਅਧੂਰੀ ਪੜਾਈ ਛੱਡ ਕੇ ਆਏ ਵਿਦਿਆਰਥੀਆਂ ਦੇ ਵੇਰਵੇ**

***269. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਜੋ ਵਿਦਿਆਰਥੀ ਯੂਕਰੇਨ ਵਿੱਚ ਕੁੱਝ ਸਾਲ ਡਾਕਟਰੀ ਦੀ ਪੜ੍ਹਾਈ ਕਰਨ ਤੋਂ ਬਾਅਦ ਹਾਲਾਤ ਵਿਗੜਨ ਕਾਰਨ ਪੜ੍ਹਾਈ ਅਧੂਰੀ ਛੱਡ ਕੇ ਪੰਜਾਬ ਵਾਪਸ ਆ ਗਏ ਹਨ ਕੀ ਉਨ੍ਹਾਂ ਦੇ ਭਵਿੱਖ ਸਬੰਧੀ ਕੇਂਦਰ ਸਰਕਾਰ ਤੋਂ ਕੋਈ ਹਦਾਇਤਾਂ ਹਾਸਿਲ ਹੋਈਆਂ ਹਨ ਜਾਂ ਕੇਂਦਰ ਸਰਕਾਰ ਨਾਲ ਇਸ ਵਿਸ਼ੇ ਤੇ ਕੋਈ ਵਿਚਾਰ ਵਟਾਂਦਰਾ ਹੋਇਆ ਹੈ; ਜੇਕਰ ਹੋਵੇ ਤਾਂ ਵੇਰਵੇ ਦਿੱਤੇ ਜਾਣ?

-------

## ਐਮ.ਡੀ. ਵਿਦਿਆਰਥੀਆਂ ਦਾ ਸਰਕਾਰੀ ਹਸਪਤਾਲ ਵਿੱਚ ਦੋ ਸਾਲ ਨੌਕਰੀ ਕਰਨਾ

***270. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਰਾਜ ਦੇ ਸਰਕਾਰੀ ਮੈਡੀਕਲ ਕਾਲਜਾਂ ਤੋਂ ਐਮ.ਡੀ. ਕਰਨ ਵਾਲੇ ਵਿਦਿਆਰਥੀਆਂ ਲਈ 2 ਸਾਲ ਸਰਕਾਰੀ ਹਸਪਤਾਲਾਂ ਵਿੱਚ ਨੌਕਰੀ ਕਰਨਾ ਲਾਜ਼ਮੀ ਹੈ; ਜੇਕਰ ਅਜਿਹਾ ਹੈ ਤਾਂ ਕੀ ਪਿਛਲੇ 3 ਸਾਲਾਂ ਤੋਂ ਇਹ ਨਿਯਮ ਪੂਰੀ ਤਰ੍ਹਾਂ ਨਾਲ ਲਾਗੂ ਕੀਤਾ ਗਿਆ ਹੈ; ਜੇਕਰ ਨਹੀਂ ਕੀਤਾ ਗਿਆ ਤਾਂ ਅਜਿਹਾ ਨਾ ਕਰਨ ਵਾਲਿਆ ਤੇ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

———————

## ਟੋਲ ਸੜਕਾਂ ਦੀ ਮੈਂਟੀਨੈਂਸ ਦੇ ਵੇਰਵੇ

***271. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੂਬੇ ਵਿੱਚ ਵੱਖ-ਵੱਖ ਟੋਲ ਸੜਕਾਂ ਦੀ ਹੁਣ ਤੱਕ ਲਗਾਤਾਰ ਸਮਾਂ-ਬੱਧ ਮੈਂਟੀਨੈਂਸ ਸਬੰਧਤ ਟੋਲ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਹੈ; ਜੇਕਰ ਨਹੀਂ ਤਾਂ ਮੌਜੂਦਾ ਸਮੇਂ ਚ ਕਿਹੜੀਆਂ-ਕਿਹੜੀਆਂ ਅਜਿਹੀਆਂ ਸੜਕਾਂ ਹਨ ਜਿਨ੍ਹਾਂ ਦੀ ਮੈਂਟੀਨੈਂਸ ਸਬੰਧਤ ਟੋਲ ਕੰਪਨੀਆਂ ਵੱਲੋਂ ਨਹੀਂ ਕੀਤੀ ਗਈ ਹੈ ਅਤੇ ਅਜਿਹੀਆਂ ਕੰਪਨੀਆਂ ਵਿਰੁੱਧ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ?

———————

**ਵੱਖ-ਵੱਖ ਥਾਣਿਆਂ ਵਿੱਚ ਜਬਤ ਹੋਏ ਵਹੀਕਲਾਂ ਦੇ ਵੇਰਵੇ**

***272. (ਸੀ.ਯੂ.) ਸਰਦਾਰ ਚੇਤਨ ਸਿੰਘ ਜੋੜਾਮਾਜਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵੱਖ-ਵੱਖ ਥਾਣਿਆਂ ਵਿੱਚ ਜਬਤ ਹੋਏ ਵੱਖ-ਵੱਖ ਕਿਸਮ ਦੇ ਵਹੀਕਲਜ਼ ਦੇ ਕੇਸਾਂ ਦੇ ਨਿਪਟਾਰੇ ਉਪਰੰਤ ਉਨ੍ਹਾਂ ਵਹੀਕਲਜ਼ ਨੂੰ ਵਾਰਿਸਾਂ ਦੇ ਹਵਾਲੇ ਕਰਨ ਲਈ ਕੀ ਕਰਾਈਟੇਰੀਆ ਅਪਣਾਇਆ ਜਾਂਦਾ ਹੈ;

ਅ) ਓਪਰੋਕਤ ਭਾਗ (ੳ) ਵਿੱਚ ਦਰਸਾਏ ਅਨੁਸਾਰ ਜਿਹੜੇ ਵਹੀਕਲਜ਼ ਨੂੰ ਲੈਣ ਵਾਸਤੇ ਕੋਈ ਕਲੇਮ ਨਹੀਂ ਕਰਦਾ ਕੀ ਉਨ੍ਹਾਂ ਨੂੰ ਨਿਲਾਮ/ਡਿਸਪੋਜ਼ ਆਫ ਕਰਨ ਲਈ ਕੋਈ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਉਸਦੇ ਵੇਰਵੇ ਕੀ ਹਨ?

\-------

**ਗੈਰ ਅਧਿਆਪਨ ਕੰਮਾਂ ਲਈ ਤੈਨਾਤ ਕੀਤੇ ਸਟਾਫ ਦੇ ਵੇਰਵੇ**

***276. (ਸੀ.ਯੂ.) ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਸਰਕਾਰ ਦੇ ਰੋਲ ਤੇ ਮਿਤੀ ਅੰਤ ਤੱਕ ਕੰਮ ਕਰ ਰਹੇ ਟੀਚਿੰਗ ਸਟਾਫ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਟਾਫ ਵਿੱਚੋਂ ਗੈਰ ਅਧਿਆਪਨ ਕੰਮਾਂ ਲਈ ਤੈਨਾਤ ਕੀਤੇ ਸਟਾਫ ਦੀ ਕੁੱਲ ਗਿਣਤੀ ਕਿੰਨੀ ਹੈ;

ੲ) ਵਿਦਿਆਰਥੀਆਂ ਦੇ ਹਿੱਤ ਵਿੱਚ ਉਪਰੋਕਤ ਭਾਗ (ਅ) ਵਿੱਚ ਵਰਣਿਤ ਸਟਾਫ ਨੂੰ ਉਹਨ੍ਹਾਂ ਦੀ ਅਧਿਆਪਨ ਡਿਊਟੀ ਤੇ ਵਾਪਸ ਕਦੋਂ ਤੱਕ ਲਗਾਇਆ ਜਾਵੇਗਾ?

\-------

## ਪੀ.ਪੀ.ਐਸ.ਸੀ ਵੱਲੋਂ ਦਿੱਤੇ ਵਿਗਿਆਪਨਾਂ ਅਨੁਸਾਰ ਅਪਲਾਈ ਕਰਨ ਲਈ ਮੈਟ੍ਰਿਕ ਪੱਧਰ ਤੇ ਪੰਜਾਬੀ ਪਾਸ ਹੋਣਾ ਲਾਜ਼ਮੀ ਕਰਨਾ

***277. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਦਿੱਤੇ ਗਏ ਵਿਗਿਆਪਨਾਂ ਅਨੁਸਾਰ ਸਾਰੀਆਂ ਸ਼੍ਰੇਣੀਆਂ ਦੀਆਂ ਅਸਾਮੀਆਂ ਲਈ ਅਪਲਾਈ ਕਰਨ ਤੋਂ ਪਹਿਲਾਂ ਉਮੀਦਵਾਰਾਂ ਦਾ ਪੰਜਾਬ ਦਾ ਪੱਕਾ ਨਿਵਾਸੀ ਅਤੇ ਮੈਟ੍ਰਿਕ ਪੱਧਰ ਤੇ ਪੰਜਾਬੀ ਪਾਸ ਹੋਣਾ ਵੀ ਜਰੂਰੀ ਹੈ; ਜੇਕਰ ਨਹੀਂ ਤਾਂ ਉਸਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਇਸ ਨੂੰ ਭਵਿੱਖ ਵਿੱਚ ਲਾਜ਼ਮੀ ਬਣਾਏਗੀ?

-------

## ਪਨਮੀਡੀਆ ਵਿੱਚ ਭਰਤੀ ਦੇ ਵੇਰਵੇ

***278. (ਸੀ.ਯੂ.) ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:–** ਕੀ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਹਾਲ ਹੀ ਵਿੱਚ ਪਟਿਆਲਾ ਨਾਲ ਸਬੰਧਤ ਇੱਕ ਪ੍ਰਾਈਵੇਟ ਸਰਵਿਸ ਪ੍ਰੋਵਾਈਡਰ ਦੇ ਰਾਹੀਂ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵਿੱਚ ਪਨਮੀਡੀਆ ਵਿੱਚ ਵੱਖ-ਵੱਖ ਸ਼੍ਰੇਣੀਆਂ ਦੀਆਂ ਲੱਗਭਗ 100 ਅਸਾਮੀਆਂ ਭਰੀਆਂ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਹਨਾਂ ਭਰਤੀ ਕੀਤੇ ਵਿਅਕਤੀਆਂ ਦੇ, ਸ਼੍ਰੇਣੀਵਾਰ, ਵੇਰਵੇ ਕੀ ਹਨ ਅਤੇ ਹਰ ਕੇਸ ਵਿੱਚ ਸੇਵਾ ਦੀਆਂ ਸ਼ਰਤਾਂ ਕੀ ਹਨ?

-------

## ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਡਿਸਪੈਂਸਰੀਆਂ ਵਿੱਚੋਂ ਨਰਸਿੰਗ ਅਤੇ ਹੋਰ ਸਟਾਫ ਦੀਆਂ ਸੇਵਾਵਾਂ ਸਿਹਤ ਵਿਭਾਗ ਵਿੱਚ ਮਰਜ ਕਰਨਾ

***279. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਵੱਖ–ਵੱਖ ਡਿਸਪੈਂਸਰੀਆਂ ਵਿੱਚੋਂ ਨਰਸਿੰਗ ਅਤੇ ਕੁੱਝ ਹੋਰ ਸਟਾਫ ਦੀਆਂ ਸੇਵਾਵਾਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਮਰਜ ਕਰ ਦਿੱਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਡਿਸਪੈਂਸਰੀਆਂ ਵਿੱਚ ਇਨ੍ਹਾਂ ਸੇਵਾਵਾਂ ਦੇ ਕੀ ਬਦਲਵੇਂ ਪ੍ਰਬੰਧ ਕੀਤੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

––––––

## ਪਿੰਡਾਂ ਦੇ ਚੌਕੀਦਾਰਾਂ ਦੇ ਮਾਣ ਭੱਤੇ ਵਿੱਚ ਵਾਧਾ ਕਰਨਾ

***281. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਸਰਕਾਰ ਵੱਲੋਂ ਪਿੰਡਾਂ ਦੇ ਚੌਕੀਦਾਰਾਂ ਨੂੰ ਹਰ ਮਹੀਨੇ ਮਾਣਭੱਤੇ ਦੀ ਅਦਾਇਗੀ ਕੀਤੀ ਜਾ ਰਹੀ ਹੈ ਅਤੇ ਕਿੰਨੀ; ਜੇਕਰ ਨਹੀਂ ਤਾਂ ਕਿੰਨੇ ਮਹੀਨਿਆਂ ਦੇ ਮਾਣ ਭੱਤੇ ਦੀ ਅਦਾਇਗੀ ਅਜੇ ਪੈਂਡਿੰਗ ਪਈ ਹੈ ਅਤੇ ਇਹ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ;

ਅ) ਪਿਛਲੀ ਵਾਰ ਇਨ੍ਹਾਂ ਦੇ ਮਾਣ ਭੱਤੇ ਵਿੱਚ ਕਦੋਂ ਤੇ ਕਿੰਨੇ ਰੁਪਏ ਦਾ ਵਾਧਾ ਕੀਤਾ ਗਿਆ ਸੀ ਅਤੇ ਕੀ ਮੌਜੂਦਾ ਦਿੱਤੇ ਜਾਂਦੇ ਮਾਣ ਭੱਤੇ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

––––––

### ਰਾਜ ਦੀਆਂ ਮੁੱਖ ਸੜਕਾਂ ਤੇ ਟਰਾਮਾ ਸੈਂਟਰ ਸਥਾਪਤ ਕਰਨਾ

***282. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਮੁੱਖ ਸੜਕਾਂ ਤੇ ਟਰਾਮਾ ਸੈਂਟਰ ਨਾ ਹੋਣ ਕਾਰਨ ਰੋਡ ਐਕਸੀਡੈਂਟ ਕੇਸਾਂ ਜਾਂ ਹੋਰ ਕੇਸਾਂ ਵਿੱਚ ਜ਼ਖਮੀਆਂ ਨੂੰ ਦੂਰ ਲਿਜਾਂਦੇ ਸਮੇਂ ਉਨ੍ਹਾਂ ਦੀ ਰਾਸਤੇ ਵਿੱਚ ਹੀ ਮੌਤ ਹੋ ਜਾਂਦੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਦੀਆਂ ਮੁੱਖ ਸੜਕਾਂ ਤੇ ਹਰ 100 ਕਿਲੋਮੀਟਰ ਦੀ ਦੂਰੀ ਤੇ ਆਧੁਨਿਕ ਮਸ਼ੀਨਾਂ ਨਾਲ ਲੈਸ ਟਰਾਮਾ ਸੈਂਟਰ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

–––––––

### ਬਟਾਲਾ ਸ਼ਹਿਰ ਦੀ ਉਦਯੋਗ ਮੰਡੀ ਨੂੰ ਮੁੜ ਸੁਰਜੀਤ ਕਰਨਾ

***283. (ਸੀ.ਯੂ.) ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬਟਾਲਾ ਸ਼ਹਿਰ ਦੀ ਉਦਯੋਗ ਮੰਡੀ ਨੂੰ ਮੁੜ ਸੁਰਜੀਤ ਕਰਨ ਲਈ ਵੱਡਾ ਉਦਯੋਗ ਲਗਾਉਣ ਅਤੇ ਛੋਟੇ ਤੇ ਵੱਡੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਕੋਈ ਵਿਸ਼ੇਸ਼ ਪੈਕੇਜ ਦੇਣ ਦਾ ਅਤੇ ਕੋਈ ਠੋਸ ਉਦਯੋਗਿਕ ਨੀਤੀ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

–––––––

## ਬਟਾਲਾ ਵਿਖੇ ਖਰਚੀਆਂ ਗਈਆਂ ਕਰੋੜਾਂ ਦੀਆਂ ਗਰਾਂਟਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਵਾਉਣਾ

***287. (ਸੀ.ਯੂ.) ਸ਼੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਸਾਲ 2017 ਤੋਂ ਲੈ ਕੇ ਮਾਰਚ, 2022 ਤੱਕ ਬਟਾਲਾ ਵਿਖੇ ਖਰਚੀਆਂ ਗਈਆਂ ਕਰੋੜਾਂ ਦੀਆਂ ਗਰਾਂਟਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਵਾ ਲਈ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

\-\-\-\-\-\-\-

## ਗੜ੍ਹਸ਼ੰਕਰ ਦੇ ਸਰਕਾਰੀ ਹਸਪਤਾਲ ਵਿੱਚ ਟ੍ਰੋਮਾ ਸੈਂਟਰ ਬਣਾਉਣਾ

***290. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ ਦੇ ਸਰਕਾਰੀ ਹਸਪਤਾਲ ਵਿੱਚ ਟ੍ਰੋਮਾ ਸੈਂਟਰ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

\-\-\-\-\-\-\-

## ਗੜ੍ਹਸ਼ੰਕਰ ਸ਼ਹਿਰ ਵਿਖੇ ਲਾਇਬ੍ਰੇਰੀ ਬਣਾਉਣਾ

***291. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ ਸ਼ਹਿਰ ਵਿੱਚ ਲਾਇਬ੍ਰੇਰੀ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

\-\-\-\-\-\-\-

## ਹਲਕਾ ਗੜ੍ਹਸ਼ੰਕਰ ਦੇ ਪੀ.ਐਚ.ਸੀ ਅਤੇ ਸੀ.ਐਚ.ਸੀ. ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ

***293. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਗੜ੍ਹਸ਼ੰਕਰ ਵਿੱਚ ਕਿੰਨੇ ਪੀ.ਐਚ.ਸੀ ਅਤੇ ਸੀ.ਐਚ.ਸੀ ਹਨ; ਇਨ੍ਹਾਂ ਵਿੱਚ ਕਿੰਨੀਆਂ ਮੰਨਜੂਰਸ਼ੁਦਾ ਅਸਾਮੀਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ; ਇਨ੍ਹਾਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

-------

## ਪਿੰਡ ਮਾਹਿਲਪੁਰ ਤੋਂ ਫਗਵਾੜਾ ਤੱਕ ਸੜਕ ਬਣਾਉਣਾ

***294. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਗੜ੍ਹਸ਼ੰਕਰ ਦੇ ਪਿੰਡ ਮਾਹਿਲਪੁਰ ਤੋਂ ਫਗਵਾੜਾ ਤੱਕ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

-------

## ਖੁਰਾਲਗੜ੍ਹ ਸਾਹਿਬ ਨੂੰ ਜੋੜ੍ਹਨ ਵਾਲੀਆਂ ਸੜਕਾਂ ਚੌੜੀਆਂ ਕਰਨਾ

***297. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੁਰਾਲਗੜ੍ਹ ਸਾਹਿਬ ਨੂੰ ਜੋੜ੍ਹਨ ਵਾਲੀਆਂ ਸੜਕਾਂ ਨੂੰ ਚੌੜੀਆਂ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

-------

## ਗੜ੍ਹਸ਼ੰਕਰ ਵਿਖੇ ਬਾਈਪਾਸ ਬਣਾਉਣਾ

***298. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੜ੍ਹਸ਼ੰਕਰ ਵਿੱਖੇ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

-------

## ਪਿੰਡ ਹਸਮਤ ਵਾਲਾ ਰਾਜਸਥਾਨ ਫੀਡਰ ਉੱਪਰ ਬਣੇ ਓਵਰਬ੍ਰਿਜ਼ ਦੀ ਉਸਾਰੀ

***300. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ :–** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਮੱਲੂਵਾਲਾ ਤੋਂ ਪਿੰਡ ਹਸਮਤ ਵਾਲਾ ਨੂੰ ਜੋੜ੍ਹਨ ਵਾਲਾ ਰਾਜਸਥਾਨ ਫੀਡਰ ਉੱਪਰ ਬਣਿਆ ਓਵਰਬ੍ਰਿਜ ਟੁੱਟ ਚੁੱਕਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਦੁਬਾਰਾ ਉਸਾਰ ਦਿੱਤਾ ਜਾਵੇਗਾ;

ਅ) ਕੀ ਇਹ ਵੀ ਠੀਕ ਹੈ ਕਿ ਪਿੰਡ ਜੱਟਾਂਵਾਲੀ ਤੋਂ ਪਿੰਡ ਹਸਮਤ ਵਾਲਾ ਉਰਫ ਜਰਗ ਵਾਲੀ ਤੱਕ ਦੇ ਰੂਟ ਤੇ ਰਾਜਸਥਾਨ ਫੀਡਰ ਉੱਪਰ ਬਣਿਆ ਓਵਰਬ੍ਰਿਜ ਟੁੱਟ ਚੁੱਕਿਆ ਹੈ; ਜੇਕਰ ਅਜਿਹਾ ਹੋਵੇਂ ਤਾਂ ਇਸ ਨੂੰ ਕਦੋਂ ਤੱਕ ਦੁਬਾਰਾ ਉਸਾਰ ਦਿੱਤਾ ਜਾਵੇਗਾ?

———

## ਮੱਲਾਂ ਵਾਲਾ, ਜ਼ੀਰਾ ਵਿਖੇ ਸਰਕਾਰੀ ਕਾਲਜ਼ ਬਣਾਉਣਾ

***303. (ਸੀ.ਯੂ.) ਸ਼੍ਰੀ ਨਰੇਸ਼ ਕਟਾਰੀਆ, ਐਮ.ਐਲ.ਏ.:–** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੱਲਾਂ ਵਾਲਾ, ਤਹਿ: ਜ਼ੀਰਾ ਵਿਖੇ ਸਰਕਾਰੀ ਕਾਲਜ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

-------

## ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਬਣਾਏ ਜਾ ਰਹੇ ਮੈਡੀਕਲ ਕਾਲਜ਼ ਦੀ ਮੌਜੂਦਾ ਸਥਿਤੀ

***305. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:–** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਡਾ. ਭੀਮ ਰਾਓ ਅੰਬੇਡਕਰ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਕਾਲਜ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਬਣਾਏ ਜਾ ਰਹੇ ਨਵੇਂ ਮੈਡੀਕਲ ਕਾਲਜ ਦੀ ਮੌਜੂਦਾ ਸਥਿਤੀ ਕੀ ਹੈ ਅਤੇ ਇਸ ਕਾਲਜ ਨੂੰ ਕਦੋਂ ਤੱਕ ਮੁਕੰਮਲ ਕਰਕੇ ਇੱਥੇ ਕਲਾਸਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਾਲਜ ਵਿੱਚ ਟੀਚਿੰਗ ਅਤੇ ਨਾਨ ਟੀਚਿੰਗ ਦਾ ਕਿੰਨਾ ਸਟਾਫ ਭਰਤੀ ਕੀਤਾ ਗਿਆ ਹੈ ਅਤੇ ਕੀ ਇਸ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਿਜ਼ਰਵੇਸ਼ਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕੀਤਾ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

-------

## ਟੀ.ਐਸ.-1 (N.O.C) ਜਾਰੀ ਹੋਣ ਦੇ ਬਾਵਜੂਦ ਪਲਾਟ/ਜਮੀਨ ਦੀ ਰਜਿਸਟਰੀ ਸਬੰਧਤ ਦੇ ਨਾਮ ਤੇ ਕਰਨਾ

***306. (ਸੀ.ਯੂ.) ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਦੀਆਂ ਵੱਖ-2 ਮਿਉਂਸੀਪਲ ਕਮੇਟੀਆਂ ਵੱਲੋਂ ਜਿਨ੍ਹਾਂ ਲੋਕਾਂ ਨੂੰ ਪਲਾਟ ਜਾਂ ਜ਼ਮੀਨ ਦਾ ਟੀ.ਐਸ-1 (No Objection Certificate) ਜਾਰੀ ਕਰ ਦਿੱਤਾ ਜਾਂਦਾ ਹੈ, ਉਸ ਪਲਾਟ ਜਾਂ ਜ਼ਮੀਨ ਦੀ ਰਜਿਸਟਰੀ, ਉਨ੍ਹਾਂ ਲੋਕਾਂ ਦੇ ਨਾਮ ਤੇ ਨਹੀਂ ਕੀਤੀ ਜਾਂਦੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਇਨ੍ਹਾਂ ਲੋਕਾਂ ਦੇ ਨਾਮ ਤੇ ਜ਼ਮੀਨ ਦੀ ਰਜਿਸਟਰੀ ਕਰਨ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ: ਜੇਕਰ ਹਾਂ ਤਾਂ ਕਦੋਂ ਤੱਕ?

\-------

## ਬਿਜਲੀ ਟਰਾਂਸਫਾਰਮਰਜ਼ ਦੇ ਚੋਰੀ ਦੇ ਵੇਰਵੇ

***307. (ਸੀ.ਯੂ.) ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਵਿੱਚ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪਾਵਰਕੌਮ) ਦੇ ਟ੍ਰਾਂਸਫਾਰਮਰਜ਼ ਲਗਾਤਾਰ ਚੋਰੀ ਹੋ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਰਾਜ ਵਿੱਚ ਸਾਲ 2017 ਤੋਂ ਹੁਣ ਤੱਕ ਪੁਲਿਸ ਵੱਲੋਂ ਟ੍ਰਾਂਸਫਾਰਮਰਜ਼ ਚੋਰੀ ਦੇ ਕਿੰਨੇ ਕੇਸ ਦਰਜ ਕੀਤੇ ਗਏ ਹਨ, ਇਨ੍ਹਾਂ ਵਿੱਚੋਂ ਕਿੰਨੇ ਕੇਸ ਸੁਲਝੇ (solve) ਅਤੇ ਪੈਂਡਿੰਗ ਪਏ ਕੇਸਾਂ ਨੂੰ ਕਦੋਂ ਤੱਕ ਸੁਲਝਾ ਲਿਆ ਜਾਵੇਗਾ ਅਤੇ ਭਵਿੱਖ ਵਿੱਚ ਟ੍ਰਾਂਸਫਾਰਮਰਜ਼ ਦੀ ਚੋਰੀ ਰੋਕਣ ਲਈ ਪੁਲਿਸ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦਸਿਆ ਜਾਵੇ?

\-------

## ਰੋਪੜ ਦੀ ਆਈ.ਟੀ.ਆਈ. ਸਿੰਘਪੁਰ ਵਿੱਚ ਅਸਾਮੀਆਂ ਦੀ ਸਿਰਜਨਾ ਕਰਨਾ ਅਤੇ ਡੀ.ਡੀ.ਓ. ਪਾਵਰਾਂ ਦੇਣਾ

***309. (ਸੀ.ਯੂ.) ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਰੋਪੜ ਵਿੱਚ ਬਣਾਈ ਗਈ ਸਰਕਾਰੀ ਆਈ.ਟੀ.ਆਈ ਸਿੰਘਪੁਰ ਵਿੱਚ ਪੱਕੇ ਤੋਰ ਤੇ ਪ੍ਰਿੰਸੀਪਲ, ਇੰਸਟਰੱਕਟਰਾਂ ਦੀਆਂ ਅਸਾਮੀਆਂ ਦੀ ਸਿਰਜਨਾ ਨਹੀਂ ਕੀਤੀ ਗਈ ਅਤੇ ਨਾ ਹੀ ਹੁਣ ਤੱਕ ਡੀ.ਡੀ.ਓ ਪਾਵਰਾਂ ਦਿੱਤੀਆਂ ਗਈਆਂ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਅਜਿਹਾ ਕਰਨ ਤੇ ਵਿਚਾਰ ਕਰੇਗੀ?

———

## ਹਲਕਾ ਘਨੌਰ ਵਿੱਚ ਚੱਲ ਰਹੀ ਇੰਡਸਟਰੀਆਂ/ਫੈਕਟਰੀਆਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਲਈ ਡੀ.ਸੀ. ਰੇਟ ਲਾਗੂ ਕਰਨਾ

***312. (ਸੀ.ਯੂ.) ਸ਼੍ਰੀ ਗੁਰਲਾਲ ਸਿੰਘ, ਐਮ.ਐਲ.ਏ.:-** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਘਨੌਰ ਵਿੱਚ ਚੱਲ ਰਹੀਆਂ ਇੰਡਸਟਰੀਆਂ ਫੈਕਟਰੀਆਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਲੇਬਰ ਨੂੰ ਇੰਡਸਟਰੀਆਂ ਫੈਕਟਰੀਆਂ ਮੈਨੇਜਮੈਂਟ ਵੱਲੋਂ ਆਪਣੇ ਪੱਧਰ ਤੇ ਤਨਖਾਹ ਭੱਤਾ ਦਿੱਤਾ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਇੰਡਸਟਰੀਆਂ ਫੈਕਟਰੀਆਂ ਵਿੱਚ ਕੰਮ ਕਰ ਰਹੇ ਕਰਮਚਾਰੀ ਲੇਬਰ ਨੂੰ ਡੀ.ਸੀ. ਰੇਟ ਅਨੁਸਾਰ ਤਨਖਾਹ ਭੱਤਾ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

———

## ਬਾਘਾਪੁਰਾਣਾ ਵਿਖੇ ਪੋਲੀਟੇਕਨਿਕ ਕਾਲਜ਼ ਰੋਡੇ ਦਾ ਨਵੀਨੀਕਰਨ ਅਤੇ ਸਟਾਫ ਪੂਰਾ ਕਰਨਾ

***315. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ:–** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੁਰੂ ਤੇਗ ਬਹਾਦਰ ਪੋਲੀਟੇਕਨਿਕ ਕਾਲਜ਼, ਰੋਡੇ, ਬਾਘਾਪੁਰਾਣਾ ਦੀ ਹਾਲਤ ਬਹੁਤ ਖਰਾਬ ਹੈ ਅਤੇ ਸਟਾਫ ਦੀ ਵੀ ਘਾਟ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਕਾਲਜ ਦਾ ਨਵੀਨੀਕਰਨ ਅਤੇ ਸਟਾਫ ਦੀ ਘਾਟ ਨੂੰ ਪੂਰਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤਕ?

———

## ਪਿੰਡ ਠੱਠੀ ਭਾਈ ਦੇ ਪੀ.ਐਚ.ਸੀ. ਦਾ ਨਵੀਨੀਕਰਨ ਕਰਨਾ

***316. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਘਾਪੁਰਾਣਾ ਦੇ ਪਿੰਡ ਠੱਠੀ ਭਾਈ ਵਿਖੇ ਪੀ.ਐਚ.ਸੀ. ਦੀ ਹਾਲਤ ਬਹੁਤ ਖਰਾਬ ਹੈ ਅਤੇ ਸਟਾਫ ਦੀ ਵੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਉਕਤ ਹਸਪਤਾਲ ਦਾ ਨਵੀਨੀਕਰਨ ਅਤੇ ਸਟਾਫ ਦੀ ਘਾਟ ਕਦੋਂ ਤੱਕ ਪੂਰੀ ਕਰੇਗੀ?

———

## ਨਸ਼ਿਆਂ ਖਿਲਾਫ ਬਣਾਈ ਗਈ ਕਮੇਟੀ ਵੱਲੋਂ ਕੀਤੀ ਕਾਰਵਾਈ ਦੇ ਵੇਰਵੇ

***317. (ਸੀ.ਯੂ.) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ:–** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਸ਼ਿਆਂ ਖਿਲਾਫ ਜੋ ਸਰਕਾਰ ਵੱਲੋਂ ਕਮੇਟੀ ਬਣਾਈ ਗਈ ਹੈ ਉਸ ਵੱਲੋਂ ਹੁੱਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ।

———————

## ਜੈਤੋਂ ਸ਼ਹਿਰ ਤੋ ਰਣ ਸਿੰਘ ਵੱਲ ਨੂੰ ਜਾਂਦੀ ਸੀਵਰੇਜ਼ ਪਾਈਪ ਲਾਈਨ ਨੂੰ ਸਹੀ ਢੰਗ ਨਾਲ ਪਾਉਣਾ

***321. (ਸੀ.ਯੂ.) ਸਰਦਾਰ ਅਮੋਲਕ ਸਿੰਘ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸ਼ਹਿਰ ਜੈਤੋ ਤੋਂ ਰਣ ਸਿੰਘ ਵੱਲ ਨੂੰ ਜੋ Rising Mainline (ਸੀਵਰੇਜ਼ ਪਾਈਪ) ਪਾਈ ਗਈ ਹੈ ਉਹ ਓਵਰਫਲੋ ਹੋ ਜਾਣ ਤੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਇਸ ਲਾਈਨ ਦੇ ਸਹੀ ਢੰਗ ਨਾਲ ਕੰਮ ਕਰਨ ਦਾ ਢੁਕਵਾਂ ਪ੍ਰਬੰਧ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

———————

## ਜੈਤੋਂ ਤੋਂ ਪਿੰਡ ਚੰਦਭਾਨ ਤੱਕ ਸੜਕ ਬਣਾਉਣਾ

***322. (ਸੀ.ਯੂ.) ਸਰਦਾਰ ਅਮੋਲਕ ਸਿੰਘ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੈਤੋਂ ਤੋਂ ਚੰਦਭਾਨ ਪਿੰਡ ਤੱਕ ਸੜਕ ਬਣਾਉਣ ਲਈ ਸਰਕਾਰ ਵੱਲੋਂ ਕੋਈ ਟੈਂਡਰ ਪਾਸ ਕੀਤਾ ਗਿਆ ਹੈ; ਜੇਕਰ ਅਜਿਹਾ ਹੈ ਤਾਂ ਉਸ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਕਦੋਂ ਤੱਕ ਸੜਕ ਬਣਾਉਣ ਦਾ ਟੀਚਾ ਹੈ?

———————

## ਹਲਕਾ ਭਦੌੜ ਦੇ ਸਰਕਾਰੀ ਹਸਪਤਾਲਾਂ ਵਿਖੇ ਡਾਕਟਰਾਂ ਦੀ ਘਾਟ ਪੂਰੀ ਕਰਨਾ

***324. (ਸੀ.ਯੂ.) ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਭਦੌੜ ਦੇ ਸਰਕਾਰੀ ਹਸਪਤਾਲਾਂ ਵਿੱਚ ਜੋ ਡਾਕਟਰਾਂ ਦੀ ਘਾਟ ਹੈ ਉਸ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

———————

## ਤਪਾ ਮੰਡੀ ਵਿਖੇ ਫਾਇਰ ਬ੍ਰਿਗੇਡ ਸਟੇਸ਼ਨ ਬਣਾਉਣਾ

***327. (ਸੀ.ਯੂ.) ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:–** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਹਲਕਾ ਭਦੌੜ ਨੂੰ ਦੋ ਫਾਇਰ ਬ੍ਰਿਗੇਡ ਗੱਡੀਆਂ ਦਿੱਤੀਆਂ ਗਈਆਂ ਹਨ ਪਰ ਉਹਨਾਂ ਦੇ ਖੜ੍ਹਨ ਲਈ ਕੋਈ ਸਟੇਸ਼ਨ ਨਹੀਂ ਬਣਾਇਆ ਗਿਆ; ਜੇਕਰ ਅਜਿਹਾ ਹੋਵੇ ਤਾਂ ਤਪਾ ਮੰਡੀ ਵਿਖੇ ਫਾਇਰ ਬ੍ਰਿਗੇਡ ਸਟੇਸ਼ਨ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

———————

## ਰੋਪੜ ਵਿਖੇ ਮਈ 2022 ਦੋਰਾਨ ਹੋਏ ਸੁਸਾਇਡ ਕੇਸਾਂ ਦੇ ਵੇਰਵੇ

***330. (ਸੀ.ਯੂ.) ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ,ਐਮ.ਐਲ.ਏ.:–** ਕੀ ਮੁੱਖ ਮੰਤਰੀ ਕਿਰਪਾ ਕਰਕ ਦੱਸਣਗੇ ਕਿ ਜ਼ਿਲ੍ਹਾ ਰੋਪੜ ਵਿਖੇ ਮਈ, 2022 ਦੇ ਮਹੀਨੇ ਦੌਰਾਨ ਕੁੱਲ ਕਿੰਨੇ ਸੁਸਾਇਡ ਕੇਸ ਹੋਏ ਹਨ ਅਤੇ ਪੁਲਿਸ ਵੱਲੋਂ ਇਨ੍ਹਾਂ ਕੇਸਾਂ ਵਿੱਚ ਕੇਸਵਾਈਜ਼ ਹੁਣ ਤੱਕ ਕੀ-ਕੀ ਕਾਰਵਾਈ ਕੀਤੀ ਅਤੇ ਹਰੇਕ ਕੇਸ ਦੀ ਮੌਜੂਦਾ ਸਥਿਤੀ ਕੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

———————

**ਹਲਕਾ ਖਡੂਰ ਸਾਹਿਬ ਦੇ ਲਿੰਕ ਰੋਡਾਂ ਤੇ ਦੁਬਾਰਾ ਬਰਮ ਲਗਾਉਣਾ**

***343. (ਸੀ.ਯੂ.) ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖਡੂਰ ਸਾਹਿਬ ਵਿਖੇ ਪੈਂਦੀਆਂ ਲਿੰਕ ਰੋਡਜ਼ ਜਿਨ੍ਹਾਂ ਦੇ ਬਰਮਜ਼ ਖਤਮ ਹੋ ਗਏ ਹਨ, ਉਨ੍ਹਾਂ ਬਰਮਾਂ ਨੂੰ ਦੁਬਾਰਾ ਕਦੋਂ ਤੱਕ ਲਗਵਾ ਦਿੱਤਾ ਜਾਵੇਗਾ?

–––––––

ਚੰਡੀਗੜ੍ਹ :
ਮਿਤੀ 18 ਜੁਲਾਈ, 2022

**ਸੁਰਿੰਦਰ ਪਾਲ,**
ਸਕੱਤਰ,
ਪੰਜਾਬ ਵਿਧਾਨ ਸਭਾ।

10922/07–2022/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ